ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ

ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

'SURA' 5 MAY 1970 Regd. No.P. 79 ੫ ਮਈ ੧੯੭੦



ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹਿਲੀ ਵਾਰ ਹੋਲਾ ਮਹੱਲਾ ਦੇ ਅਦੁੱਤੀ ਸਮਾਗਮ ਹੋਏ। ਇਸ ਤੋਂ ਪਹਿਲਾਂ ਪਵਿਤਰ ਗੁਰਧਾਮਾਂ ਦੀ ਯਾਤਰਾ ਸਮੇਂ ਕੀਰਤਨ ਕਰਦੇ ਜਾ ਰਹੇ ਦਸਮੇਸ਼ ਪਿਤਾ ਦੇ ਚਰਨਾਂ ਨਾਲ ਜੁੜੇ ਹੋਏ ਸਿੰਘਾਂ ਦਾ ਇਕ ਦ੍ਰਿਸ਼।

www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਹੁਕਮਨਾਮਾ | ੪ | ਬਾਬੂ ਮੱਲ ਸਿੰਘ ਜੀ |
| ੨ | ਸਚਾ ਸਾਧ ਅਪਰਸ ਵੈਸ਼ਨੋ ਪੰਡਿਤ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩ | ਸਿਖ ਇਤਿਹਾਸ ਤੇ ਵਿਸਾਖੀ | ੧੨ | ਸ੍ਰੀ ਰਾਜਿੰਦਰਪਾਲ ਜਿੰਦਲ ਬਾਗੜੀਆਂ |
| ੪ | ਮਲਾਰ ਦੀ ਵਾਰ ਦੇ ਇਕ ਸਲੋਕ ਦਾ ਭਾਵਾਰਥ | ੧੫ | ਡਾ: ਸੇਵਾ ਸਿੰਘ ਜੀ ਅੰਮ੍ਰਿਤਸਰ |
| ੫ | ਮਨ ਖਿੜਿਆ ਹਰਿਆ ਬਾਗ਼ | ੨੧ | ਗਿਆਨੀ ਦਲਜੀਤ ਸਿੰਘ ਜੀ 'ਕਮਲ' ਦਿੱਲੀ |
| ੬ | ਪੰਥ ਖਾਲਸਾ ਭਯੋ ਪੁਨੀਤਾ | ੨੫ | ਭਾਈ ਮਹਿੰਦਰ ਸਿੰਘ ਜੀ ਗਵਾਲੀਅਰ |
| ੭ | ਬਾਬਾ ਰਾਮ ਸਿੰਘ ਤੇ ਮਾਈ ਪ੍ਰੇਮ ਕੌਰ ਫਲੇਵਾਲ | ੨੯ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੮ | ਦੀਵਾ ਬਲੇ ਅੰਧੇਰਾ ਜਾਇ | ੩੩ | ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ |
| ੯ | ਨਾਮ ਸਿਮਰਨ | ੩੬ | ਪ੍ਰਿੰਸੀਪਲ ਮੇਹਰ ਸਿੰਘ ਜੀ ਡਹਰਾਦੂਨ |



## ਫੁਲਬਹਿਰੀ, ਸਫ਼ੈਦ ਦਾਗ਼ ਦਾ ਮੁਕੰਮਲ ਇਲਾਜ

**ਫੁਲਬਹਿਰੀ, ਸਫ਼ੈਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ ਨੂੰ ਮਿਲੋ ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ**

ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜ੍ਹੋਂ ਹੀ ਖ਼ਤਮ ਕਰ ਕੇ ਸਰੀਰ ਦੀ ਚਮੜੀ ਨੂੰ ਆਪਣੇ ਅਸਲੀ ਰੂਪ ਵਿਚ ਲੈ ਆਉਂਦੀ ਹੈ। ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪੱਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

ਡਾਕਟਰ ਐਚ. ਐਸ. ਕਟਾਰੀਆ

## ਕਟਾਰੀਆ ਸ਼ਫ਼ਾਖ਼ਾਨਾ

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ।**

ਨੋਟ—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ ਇਨ੍ਹਾਂ ਨਕਲਚੀਆਂ ਤੋਂ ਬਚੋ।


**ਸੂਰਾ ਪ੍ਰੈਸ** ਅਤੇ ਦਫ਼ਤਰ ਗੁ: ਕਲਗੀਧਰ ਸਭਾ, ਧੋਬੀਘਾਟ, ਪਟਿਆਲਾ ਵਿਚ ਸਥਾਪਤ ਹੋ ਗਿਆ ਹੈ, ਅਗੋਂ ਲਈ ਸਬੰਧਤ ਸਜਣ ਹੇਠ ਲਿਖੇ ਪਤੇ ਤੇ ਚਿੱਠੀ ਪਤਰ ਕਰਨ।

ਮੈਨੇਜਰ, 'ਸੂਰਾ' ਧੋਬੀ ਘਾਟ, ਪਟਿਆਲਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





## ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ਵਸਾਖ-ਜੇਠ ੫੦੧ ਨਾਨਕ ਸ਼ਾਹੀ [ ਅੰਕ ੭


ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ।
ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ ।
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ।
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ।
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ।
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ । ੭ ।

(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ

**੫ ਮਈ ੧੯੭੦**

ਆਨਰੇਰੀ ਸੰਪਾਦਕ :
ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਮਈ 1970 ਨੂੰ ਪ੍ਰਕਾਸ਼ਤ ਕੀਤਾ।


www.AKJ.Org

੧ ੴ ਸਤਿਗੁਰ ਪ੍ਰਸਾਦਿ ॥

ਜਲੰਧਰ
28.4.70

ਪਿਆਰੇ ਭਾਈ ਪਿਆਰਾ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਲੁਧਿਆਣੇ ਸਮਾਗਮ ਤੇ ਪੰਜ ਪਿਆਰਿਆਂ ਵਲੋਂ ਜੋ ਕਮੇਟੀ ਬਣਾਈ ਗਈ ਸੀ, ਉਸ ਦੀ ਲਿਸਟ ਆਪ ਜੀ ਨੂੰ ਭੇਜ ਰਿਹਾ ਹਾਂ। ਇਸ ਨੂੰ ਸੂਰੇ ਵਿੱਚ ਸੰਗਤਾਂ ਦੀ ਜਾਣਕਾਰੀ ਲਈ ਛਾਪ ਦਿਓ। ਇਹ ਹੁਕਮ ਪੰਜਾਂ ਪਿਆਰਿਆਂ ਵਲੋਂ ਹੈ ਅਤੇ ਮਈ ਦੇ ਪਹਿਲੇ ਹਫ਼ਤੇ ਦੇ ਰਸਾਲੇ ਵਿੱਚ ਛਾਪਣਾ। ਜੇ ਰਸਾਲਾ ਛਪ ਭੀ ਚੁਕਾ ਹੈ ਤਾਂ ਭੀ ਆਖ਼ਰੀ ਪੇਜ ਤੇ ਛਾਪਣਾ ਹੈ। ਇਹ ਅਤਿ ਜ਼ਰੂਰੀ ਹੈ।

ਦਾਸ–ਦਲਜੀਤ ਸਿੰਘ

13 ਅਪਰੈਲ 1970 ਨੂੰ ਲੁਧਿਆਣੇ ਵਿਖੇ ਵਿਸਾਖੀ ਦੇ ਸਮਾਗਮ ਤੇ ਪੰਜ ਪਿਆਰਿਆਂ ਨੇ ਜੱਥੇ ਦੇ ਸਮੁਚੇ ਪ੍ਰਬੰਧ ਲਈ ਇਕ ਕਮੇਟੀ ਥਾਪੀ। ਇਸਦੇ ਮੈਂਬਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ।

1. ਭਾਈ ਸਾਹਿਬ ਸ੍ਰੀਮਾਨ ਬਾਬੂ ਮੱਲ ਸਿੰਘ ਜੀ
2. ਭਾਈ ਦਰਸ਼ਨ ਸਿੰਘ ਜੀ (ਡਾਕਟਰ) ਲੁਧਿਆਣਾ
3. ਭਾਈ ਬਲਬੀਰ ਸਿੰਘ ਜੀ ਲੁਧਿਆਣਾ
4. ਭਾਈ ਦਰਸ਼ਨ ਸਿੰਘ ਜੀ ਦਿੱਲੀ
5. ਭਾਈ ਮੇਹਰ ਸਿੰਘ ਜੀ ਦਿੱਲੀ
6. ਭਾਈ ਜੁਗਿੰਦਰ ਸਿੰਘ ਜੀ ਤਲਵਾੜਾ
7. ਭਾ: ਰਾਮ ਸਿੰਘ ਜੀ ਸੁਕਆਡਰਨ ਲੀਡਰ, ਕਾਨਪਰ
8. ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ
9. ਭਾਈ ਭੂਪਿੰਦਰ ਸਿੱਘ ਜੀ ਚੰਡੀਗੜ੍ਹ
10. ਭਾਈ ਇੰਦਰ ਸਿੰਘ ਜੀ ਸ਼ਿਮਲਾ
11. ਭਾਈ ਸੇਵਾ ਸਿੰਘ ਜੀ ਅੰਮ੍ਰਿਤਸਰ
12. ਭਾਈ ਦਲਜੀਤ ਸਿੰਘ ਜੀ ਜਲੰਧਰ

ਉਪਰੋਕਤ ਕਮੇਟੀ ਪੰਜਾਂ ਪਿਆਰਿਆਂ ਦੇ ਪ੍ਰਾਇਣ ਹੋ ਕੇ ਸੇਵਾ ਕਰੇਗੀ।

ਗੁਰੂ ਪੰਥ ਦਾ ਦਾਸ–ਮੱਲ ਸਿੰਘ

---

## ਪਿੰਡ ਕੁਹਾਲੀ ਵਿਖੇ ਅਖੰਡ ਪਾਠ ਅਤੇ ਰੈਣ ਸਬਾਈ ਕੀਰਤਨ

ਸੰਮੂਹ ਗੁਰਮੁਖ ਪਿਆਰਿਆਂ ਕੀਰਤਨ ਰਸੀਏ ਵੀਰਾਂ ਭੈਣਾਂ ਅਗੇ ਦੋਇ ਕਰ ਜੋੜ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਪਿੰਡ ਕੁਹਾਲੀ ਵਿਖੇ ਸ: ਗੁਰਦਿਆਲ ਸਿੰਘ ਜੀ ਦੇ ਗ੍ਰਹਿ ਵਿਖੇ ਮਿਤੀ 28-5-70 ਦਿਨ ਵੀਰਵਾਰ 15 ਜੇਠ ਨੂੰ ਸ੍ਰੀ ਅਖੰਡ ਪਾਠ ਅਰੰਭ ਹੋਵੇਗਾ ਜਿਸ ਦਾ ਭੋਗ ਸਨੀਚਰਵਾਰ ਪਵੇਗਾ। ਸਨੀਚਰਵਾਰ 30 ਮਈ ਨੂੰ ਹੀ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਹੋਵੇਗਾ।

ਨੋਟ–ਪਿੰਡ ਕੁਹਾਲੀ (ਜ਼ਿ: ਗੁਰਦਾਸਪੁਰ) ਬਟਾਲੇ ਤੋਂ ਸ੍ਰੀ ਹਰਿਗੋਬਿੰਦਪੁਰ ਵਾਲੀ ਸੜਕ ਤੇ ਦਸਵੇਂ ਮੀਲ ਤੇ ਹੈ।

---

## ਸੂਰਾ ਦਾ ਅੱਧ-ਮਾਸਕ ਸਾਲਾਨਾ ਚੰਦਾ

ਦੇਸ–12 ਰੁਪਏ ਪ੍ਰਦੇਸ–ਸਮੁੰਦਰੀ ਡਾਕ 20 ਰੁਪਏ ਪ੍ਰਦੇਸ–ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ–250 ਰੁਪਏ ਪ੍ਰਤੀ ਕਾਪੀ 70 ਪੈਸੇ



www.AKJ.Org

(ਅਖ਼ੀਰਲੇ ਸਫ਼ੇ ਦੀ ਬਾਕੀ)

ਉਹ ਸਾਡੀ ਰਹਿ ਨੁਮਾਈ ਯਾ ਸਹਾਇਤਾ ਕਰਨ ਤੋਂ ਸੰਕੋਚ ਕਰੇਗਾ ਤੇ ਸਾਨੂੰ ਅਪਨੇ ਤੋਂ ਜੁਦਾ ਰਖੇਗਾ। ਗੁਰਸਿਖੋ ਗੁਰੂ ਤੇ ਵਿਸ਼ਵਾਸ ਹੀ ਗੁਰਸਿਖ ਵਿਚ ਪਰ ਪੱਕਤਾ ਦੀ ਨਿਸ਼ਾਨੀ ਤੇ ਗੁਰੂ-ਕ੍ਰਿਪਾ ਪ੍ਰਾਪਤੀ ਦਾ ਸਾਧਨ ਹੈ—

ਯਾਦ ਰਹੇ, ਕਿ ਹਰ ਏਕ ਦਾ ਗੁਰਮਤਿ ਤਜਰਬਾ ਅਲਗ ਹੁੰਦਾ ਹੈ ਪਰ ਗੁਰਮਤਿ ਦੇ ਅਸੂਲ ਹਰ ਏਕ ਵਾਸਤੇ ਇਕੋ ਜਹੇ ਹੀ ਹੁੰਦੇ ਹਨ। ਕੁਝ ਚਿਰ ਮਗਰੋਂ ਸਵਾਸਾਂ ਦਾ ਸਿਮਰਨ ਬੰਦ ਹੋ ਜਾਂਦਾ ਹੈ ਤਾਂ ਦਿਲ ਦੀ ਧੜਕਨ ਨਾਲ ਗੁਰੂ ਸ਼ਬਦ ਦਾ ਉਚਾਰਨ ਅਪਨੇ ਆਪ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਟੇਜ ਜ਼ਰਾ ਹੋਰ ਵੀ ਸਾਵਧਾਨੀ ਵਾਲੀ ਹੈ। ਫੁਰਨੇ ਤਾਂ ਬਹੁਤ ਆਉਣਗੇ। ਕਦੀ ਤਾਂ ਬਹੁਤ ਹੀ ਆਨੰਦ ਆਵੇਗਾ ਤੇ ਕਦੀ ਸਿਖ ਆਪਣੇ ਆਪ ਨੂੰ ਬਿਲਕੁਲ ਖਾਲੀ ਮਹਿਸੂਸ ਕਰੇਗਾ। ਇਥੇ ਵੀ ਘਬਰਾਉਣ ਦੀ ਲੋੜ ਨਹੀਂ ਅਰਦਾਸਾ ਕਰੋ ਤੇ ਕਹੋ—

ਜੇ ਤੂੰ ਤੁਠਾ ਕ੍ਰਿਪਾ ਨਿਧਾਨ, ਨ ਦੂਜਾ ਵੇਖਾਲ।
ਏਹਾ ਪਾਈ ਮੂ ਦਾਤੜੀ ਨਿਤ ਹਿਰਦੇ ਰਖਾ ਸੰਭਾਲ।

ਉਹ ਦਾਤਾ ਫੇਰ ਦਾਤ ਕਰੇਗਾ, ਤੇ ਉਸ ਦੀ ਸੰਭਾਲ ਵੀ ਕਰਵਾਏਗਾ। ਇਹ ਕੇਵਲ ਗੁਰ ਸਿਖ ਦੇ ਸਿਦਕ ਦੀ ਪਰਖ ਹੈ ਜੇਹੜੀ ਕਿ ਗੁਰਸਿਖ ਨੂੰ ਬੱਝ (ਆਤਮਕ ਤੋਟਾ) ਆ ਜਾਂਦਾ ਹੈ। ਬੇ ਰਸੀ ਵੀ ਉਸੇ ਦੀ ਹੀ ਦਾਤ ਹੈ। ਇਹ ਵੀ ਉਸ ਵਲੋਂ ਹੀ ਆਈ ਹੈ। ਸਿਖ ਸਿਰ ਮਥੇ ਤੇ ਮੰਨੇ ਤੇ ਅਗੇ ਵਧਨ ਦੀ ਆਸ ਰਖੇ।

ਕਦੀ ਕਦੀ ਜਦੋਂ ਆਤਮਕ ਕਰੰਟ ਠੀਕ ਚਲੇਗੀ ਤੇ ਸਰੀਰ ਇਕ ਸਿਤਾਰ ਬਣ ਕੇ, ਇਸ ਦੀ ਨਸ ਨਸ ਸਿਤਾਰ ਦੀ ਤਾਰ ਵੀ ਬਣੇਗੀ। ਨਾਮ ਸਿਮਰਨ ਦਾ ਅਥਾਹ ਆਨੰਦ ਆਵੇਗਾ ਪਰ ਗੁਰਸਿਖ ਅਜਰ ਜਰੇ, ਸੰਭਲਦਾ ਜਾਵੇ।

ਸੁਰਤ ਵਿਚ ਨਾਮ ਜਪਣਾ ਇਹ ਇਕ ਬਹੁਤ ਹੀ ਚੰਗੀ ਹਾਲਤ ਹੈ। ਸ਼ਬਦ ਸੁਰ ਤੇ ਮੇਲ ਵਿਚ ਗੁਰਸਿਖ 'ਇਹ ਮਨ ਈਟੀ ਹਥ ਕਰਹੁ' ਨ ਭੁਲੇ। ਗੁਰਸਿਖ ਆਪਣੇ ਆਪ ਨੂੰ ਦਸ ਜਾਂ ਪੰਦਰਾਂ ਮਿੰਟ ਮਗਰੋਂ ਇਸ ਦਸ਼ਾ ਵਿਚ ਪਹੁੰਚਿਆ ਹੋਇਆ ਅਨੁਭਵ ਕਰਦਾ ਹੈ ਕਿ ਉਹ ਇਕ ਐਸੇ ਕਮਰੇ ਵਿਚ ਹੈ ਜਿਸ ਵਿਚ ਮਸਤੀ ਦਾ ਪੱਖਾ ਲਗਾ ਹੋਇਆ ਹੋਇਆ ਹੈ ਅਤੇ ਉਥੇ ਉਹ ਨਾਮ ਸਿਮਰਨ ਦਾ ਆਨੰਦ ਲੈ ਰਿਹਾ ਹੈ। ਸਿਖ ਦੀ ਹਾਲਤ 'ਅੱਧੀ ਸੁਤੀ ਤੇ ਅੱਧੀ ਜਾਗਦੀ' ਵਾਲੀ ਹੁੰਦੀ ਹੈ। ਇਸ ਹਾਲਤ ਦਾ ਵੱਡਾ ਗੁਣ ਇਹ ਹੈ ਕਿ ਇਸ ਨਾਲ ਨਿਰੰਤਰ ਅਭਿਆਸ ਨਾਲ ਐਸੀ ਸਟੇਜ ਆ ਜਾਂਦੀ ਹੈ ਜਦੋਂ ਮਨੁਖ ਸਿਮਰਨ ਬੰਦ ਵੀ ਕਰਨਾ ਚਾਹੇ ਤਾਂ ਬੰਦ ਨਹੀਂ ਹੋ ਸਕਦਾ। ਜੇ ਉਹ ਜ਼ਬਰਦਸਤੀ ਬੰਦ ਵੀ ਕਰ ਲਵੇ ਤਾਂ ਐਸਾ ਮਹਿਸੂਸ ਕਰਦਾ ਹੈ ਕਿ ਜਿਸ ਤਰ੍ਹਾਂ ਮਾਂ ਦੀ ਛਾਤੀ ਤੋਂ ਕੋਈ ਬੱਚਾ ਤਰੁੰਡਕੇ ਲਾਹਿਆ ਜਾਵੇ। ਇਸ ਹਾਲਤ ਵਿਚ ਇਕ ਹੋਰ ਤਜਰਬਾ ਹੁੰਦਾ ਹੈ ਕਿ ਗੁਰਸਿਖ ਦਾ ਕਲੇਜਾ ਬਿਲਕੁਲ ਉਸੇ ਤਰ੍ਹਾਂ ਹੀ ਧੁਖਦਾ ਹੈ ਜਿਸ ਤਰ੍ਹਾਂ ਇਸ਼ਕ ਮਿਜ਼ਾਜੀ ਦੀ ਹਾਲਤ ਵਿਚ ਹੁੰਦਾ ਹੈ। ਇਹ ਹਾਲਤ ਸ਼ੁਭ ਹੈ ਦਾਤੇ ਦੀ ਮਿਹਰ ਦਾ ਇਕ ਸਹੀ ਸਬੂਤ ਹੈ।

ਸੁਰਤ ਵਿਚ ਸਿਮਰਨ ਕਰਨ ਵਿਚ ਕਈ ਵਾਰ ਐਸਾ ਹੁੰਦਾ ਹੈ ਕਿ ਸਾਰੇ ਦਾ ਸਾਰਾ atmosphere ਮੰਤ੍ਰ ਦਾ ਜਾਪ ਕਰਦਾ ਹੋਇਆ ਸੁਨਾਈ ਦੇਂਦਾ ਹੈ। ਕੁਝ ਚਿਰ ਮਗਰੋਂ ਇਹ ਅਵਾਜ਼ਾਂ ਬੜੀਆਂ ਸਪਸ਼ਟ ਹੋ ਜਾਂਦੀਆਂ ਹਨ ਢੋਲ ਦੇ ਬਰਾਬਰ ਉਚੀਆਂ ਉਚੀਆਂ ਵੀ ਸੁਨਾਈ ਦੇਂਦੀਆਂ ਹਨ ਤਾਂ ਜਾਗਨ (ਖਿੰਡੀ ਬਿਰਤੀ ਸਮੇਂ) ਵੀ ਉਹ ਜਾਰੀ ਹੀ ਰਹਿੰਦੀਆਂ ਹਨ ਕਈ ਵਾਰ ਸੁਤਿਆਂ ਹੋਇਆਂ ਵੀ ਇਹ ਸੁਨਾਈ ਦੇਂਦੀਆਂ ਹਨ ਤੇ ਜਾਗਨ ਤੇ ਵੀ ਬਰਾਬਰ ਸੁਨਾਈ ਦੇਂਦੀਆਂ ਹਨ ਫੇਰ ਤਾਂ ਗੁਰਸਿਖ ਛੇਤੀ ਨਾਲ ਨ ਮ ਸਿਮਰਨ ਵਿਚ ਜੁਟ ਜਾਵੇ ਤੇ ਆਨੰਦ ਮਾਣਨਾ ਸ਼ੁਰੂ ਕਰ ਦੇਵੇ। ਇਹ ਸ਼ੁਭ ਹੈ ਉਸਦੀ ਮਿਹਰ ਦੀ ਨਿਸ਼ਾਨੀ ਹੈ।



www.AKJ.Org

ਇਹ ਸੁਰਤ ਵਿਚ ਨਾਮ ਜਪਨ ਦੀ ਸਟੇਜ ਐਸੀ ਹੈ ਕਿ ਇਸ ਸਿਮਰਨ ਦਾ ਤ੍ਰੀਕਾ ਅਜੀਬ ਤਰਾਂ ਬਦਲਦਾ ਹੈ, ਇਸ ਵਿਚ ਸਭ ਤੋਂ ਸੋਹਣੀ ਦਸ਼ਾ ਇਹ ਹੈ ਜਦੋਂ ਗੁਰਸਿਖ ਆਪ ਤਾਂ ਚੁਪ ਕਰਕੇ ਬੈਠਾ ਰਹਿੰਦਾ ਹੈ ਤੇ ਉਸ ਨੂੰ ਕੋਈ ਗੁਰ ਸ਼ਬਦ (ਵਾਹਿਗੁਰੂ-ਵਾਹਿਗੁਰੂ) ਸੁਨਾਈ ਜਾਂਦਾ ਹੈ। ਇਹ ਬਹੁਤ ਹੀ ਸੋਹਣਾ ਲਛਨ ਹੈ। ਪਰ ਇਹ ਹਾਲਤ ਬਹੁਤ ਦੇਰ ਤਕ ਨਹੀਂ ਰਹਿੰਦੀ। ਕਿਉਂ ਜੋ ਗੁਰਸਿਖ ਦਾ ਖਾਣ ਪੀਣ ਤੇ ਸੋਚ ਵਿਚਾਰ ਦੇ ਸੂਖਸ਼ਮ ਅਸਰ ਉਸਦੀ ਆਤਮਾ ਤੇ ਹਾਵੀ (control ਕਰਨ ਵਾਲਾ) ਹੋ ਜਾਂਦਾ ਹੈ। ਗੁਰਸਿਖ ਬਿਬੇਕ ਕਿਉ ਧਾਰਨ ਕਰਦਾ ਹੈ ? ਇਸ ਲਈ ਕਿ ਅਸ਼ੁਧ ਕਮਾਈ ਤੇ ਅਨਜਲ ਦੇ ਬੁਰੇ ਅਸਰ ਦੇ ਅੰਤਰ ਗਤਿ ਉਸ ਨੂੰ ਆਤਮਕ-ਘਾਟਾ ਨ ਪੈ ਜਾਵੇ। ਕਿਉਂ ਜੈਸਾ ਅੰਨ ਤੈਸਾ ਮਨ, ਜੈਸਾ ਮਨ ਵੈਸੀ ਬੁਧੀ, ਜੈਸੀ ਬੁਧੀ ਵੈਸੀ ਆਤਮਾ ਵੈਸੀ ਆਤਮਕ ਤਰੱਕੀ—ਇਹ ਸਭ ਕੁਝ ਠੀਕ ਹੀ ਹੈ।

ਬਹੁਤ ਅਭਿਆਸ ਤੋਂ ਮਗਰੋਂ ਸੁਰਤ ਹਿਰਦੇ ਤੇ ਕੰਠ ਵਿਚ, ਫਿਰ ਕੰਠ ਤੋਂ ਇੜਾ ਪਿੰਗਲਾ ਸੁਖਮਨਾ ਲੰਘ ਕੇ ਦਿਮਾਗ ਵਿਚ ਤੇ ਫਿਰ ਦਸਮ ਦੁਆਰ ਪਹੁੰਚਦੀ ਹੈ ਇਹ ਸਾਰੇ ਐਸੇ ਪੜਾਂ ਹਨ ਕਿ ਜਿਸਦੇ ਤਜਰਬੇ ਦਸੇ ਨਹੀਂ ਜਾ ਸਕਦੇ। ਤੁਰੀ-ਅਵਸਥਾ ਵਿਚ ਖੇੜਾ ਹੀ ਖੇੜਾ ਹੈ। ਇਥੋਂ ਤਕ ਕਿ ਸਮਾਧੀ ਮਗਰੋਂ ਬਿਦੇਹੀ ਹੋ ਜਾਣ ਦੀ ਦਸ਼ਾ ਆ ਜਾਂਦੀ ਹੈ ਜਦੋਂ ਕਿ ਮਨੁਖ ਦਾ ਸਰੀਰ ਇਥੇ ਤੇ ਆਤਮਕ ਸਰੀਰ ਉਚੇ ਮੰਡਲਾਂ ਵਿਚ ਭਰਮਨ ਕਰਦਾ ਰਹਿੰਦਾ ਹੈ। ਫਿਰ ਵਾਪਸੀ ਤੇ ਅਪਨੇ ਚੋਲੇ ਵਿਚ ਆਤਮਾ ਆਉਂਦੀ ਹੈ ਤੇ ਸਰੀਰ ਹਿਲਨ ਜੁਲਨ ਲਗ ਪੈਂਦਾ ਹੈ। ਲੋਗ ਐਸੀ ਦਸ਼ਾ ਵਿਚ ਮਨੁਖ ਨੂੰ ਮੁਰਦਾ ਸਮਝ ਲੈਂਦੇ ਹਨ।

ਸੋ ਇਹ ਸਾਰੀਆਂ ਖੇਡਾਂ, ਜੋ ਅਗੇ ਚਲ ਕੇ ਮਨੁਖ ਤੇ ਵਾਪਰਦੀਆਂ ਹਨ ਜਦੋਂ ਕਿ ਮਨੁਖ ਉਸੇ ਦਾਤੇ ਦੇ ਹਥ ਕਠਪੁਤਲੀ ਬਣ ਜਾਂਦਾ ਹੈ ਦਸੀਆਂ ਨਹੀਂ ਜਾ ਸਕਦੀਆਂ। ਅਲੱਗ ਅਲੱਗ ਭਗਤਾਂ, ਨਾਮ ਰਸੀਆਂ ਦੇ ਵਖੋ ਵਖਰੇ ਤਜਰਬੇ ਹਨ। ਇਹਨਾਂ ਹਾਲਤਾਂ ਵਿਚ ਮਨੁਖ ਆਪਣੀ ਜ਼ਬਾਨ ਤੋਂ ਕੁਝ ਕਹਿਣਾ ਆਤਮਕ ਘਾਟਾ ਸਮਝਦਾ ਹੈ ਅਤੇ ਉਸਨੂੰ ਘਾਟਾ ਜ਼ਰੂਰ ਪੈ ਵੀ ਜਾਂਦਾ ਹੈ।

ਸੋ ਜੇ ਅਸੀਂ ਨਾਮ ਸਿਮਰਨ ਦੀ ਕੋਈ ਖ਼ਾਸ ਅਵਸਥਾ ਨਿਰਧਾਰਤ ਕਰਨਾ ਚਾਹੀਏ ਤਾਂ ਨਹੀਂ ਕਰ ਸਕਦੇ। ਇਹ ਗਲ ਤਾਂ ਗੁਰਸਿਖਾਂ ਦੇ ਅਲੱਗ ਅਲੱਗ ਤਜਰਬਿਆਂ ਵਾਲੀ ਹੈ ਏਹ ਤਜਰਬੇ repeat ਵੀ ਹੁੰਦੇ ਰਹਿੰਦੇ ਹਨ, ਕੋਈ ਸਿਖ ਕੋਈ ਸਟੇਜ ਤਾਂ ਆਸਾਨੀ ਨਾਲ ਹੀ ਪਾਰ ਕਰ ਜਾਂਦੇ ਹਨ ਤੇ ਕੋਈ ਮਾਮੂਲੀ ਪੁਆਇੰਟ ਤੇ ਆ ਕੇ ਰੁਕ ਹੀ ਜਾਂਦੇ ਹਨ। ਕਿਉਂ ਜੋ ਤਾਂਦਰਾ ਇਕ ਐਸੀ ਚੀਜ਼ ਹੈ ਜੋ ਪਹਿਲੀਆਂ ਪਹਿਲੀਆਂ ਹਾਲਤਾਂ ਵਿਚ ਮਨੁਖ ਤੇ ਸਵਾਰ ਹੋ ਕੇ ਉਸਦੀ ਆਤਮਕ ਤਰੱਕੀ ਦੇ ਬੂਟੇ ਨੂੰ ਉਤੋਂ ਹੀ ਲਾਪਰ ਦੇਂਦੀ ਹੈ ਅਤੇ ਇਸ ਪ੍ਰਕਾਰ ਉਸਦੀ ਰਫ਼ਤਾਰ ਬਹੁਤ ਹੀ ਘਟ ਜਾਂਦੀ ਹੈ ਇਹ ਰਫ਼ਤਾਰ ਪਹਿਲੋਂ ਪਹਿਲੋਂ ਤਾਂ ਤਾਂਦਰਾ ਦੇ ਅਸਰ ਹੇਠਾਂ ਖ਼ਤਮ ਹੋ ਜਾਂਦੀ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਮ ਅਭਿਆਸੀ :—

1. ਖਾਣ ਪੀਣ ਵਿਚ ਸੰਜਮ ਵਰਤੇ। ਸੁਚਮ ਵਰਤੇ। ਫੁਰਮਾਨ ਹੈ "ਅਲਪ ਅਹਾਰ ਸੁਲਪ ਸੀ ਨਿੰਦਰਾ।" 2. ਗੁਰਬਾਣੀ ਦਾ ਆਸ਼ਾ ਸਮਝੇ। ਗੁਰਬਾਣੀ ਦੀ ਓਟ ਤੇ ਨਿਸਚਾ ਰਖੇ। 3. ਨਿਤਨੇਮ ਵਿਚ ਸਾਵਧਾਨ ਰਹੇ ਤੇ 'ਅਖੰਡ ਨਿਤਨੇਮ' ਕਰਨ ਦੀ ਸ਼ੁਭ ਆਦਤ ਪਾਵੇ। 'ਅਖੰਡ ਨਿਤਨੇਮ' ਉਹ ਹੈ ਜਦੋਂ ਕਿ ਪੰਜਾਂ ਬਾਣੀਆਂ ਦਾ ਪਾਠ ਦੇ ਦਰਮਿਆਨ ਕੋਈ ਗਲ ਫ਼ਾਲਤੂ, ਘਰੇਲੂ ਯਾ ਵਿਵਹਾਰਕ ਨਾ ਕੀਤੀ ਜਾਵੇ। 4. ਅਪਣਾ ਅਮਲੀ ਜੀਵਨ ਸੋਧ ਕੇ ਤੇ ਸੰਭਾਲ ਕੇ ਰਖੇ, ਤੇ ਗੁਰਸਿਖਾਂ ਨਾਲ ਮੇਲ ਜੋਲ ਰਖੇ। ਆਪ ਜਪੇ ਤੇ ਦੂਜਿਆਂ ਨੂੰ ਨਾਮ ਜਪਾਏ, ਤਾਂ ਫਿਰ ਗੁਰੂ ਦੀਆਂ ਖੁਸ਼ੀਆਂ, ਮਿਹਰਾਂ, ਬਰਕਤਾਂ, ਚੜ੍ਹਦੀਕਲਾਂ ਤੇ ਸਿਮਰਨ ਸਫਲੀ ਭੂਤ ਹੈ।



www.AKJ.Org

# ਸਚਾ ਸਾਧ ਅਪਰਸ ਵੈਸ਼ਨੋ ਤੇ ਪੰਡਿਤ

(ਵਲੋਂ:—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਾਧ ਕੀ ਮਹਿਮਾ ਬੇਦ ਜਾਨਹਿ ।
ਜੇਤਾ ਸੁਨਹਿ ਤੇਤਾ ਬਖਿਆਨਹਿ ।
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰ ।
ਸਾਧ ਕੀ ਉਪਮਾ ਰਹੀ ਭਰਪੂਰਿ ।

ਅਨਮਤੀ ਹਿੰਦੂਆਂ ਦੇ ਪੁਸਤਕਾਂ ਚਹੁ ਵੇਦਾਂ ਨੇ ਗੁਰਮਤਿ ਨਾਮ ਦੀ ਮਹਿਮਾਂ ਤਾਂ ਕੀ ਜਾਨਣੀ ਸੀ ਉਹ ਤਾਂ ਚਾਰੇ ਵੇਦ ਹੀ ਸਚੇ ਸਤਿਗੁਰੂ ਰੂਪੀ ਸਚ ਸਾਧ ਦੀ ਮਹਿਮਾਂ ਭੀ ਨਹੀਂ ਜਾਣਦੇ । ਐਵੇਂ ਸੁਣੀ ਸੁਣਾਈ ਗਲ ਹੀ ਜਿਨੀ ਕੁ ਜਾਣਦੇ ਹਨ ਤਿਨੀ ਕੁ ਹੀ ਵਖਿਆਣਦੇ ਹਨ । ਐਵੇਂ ਸੁਣੀ ਸੁਣਾਈ ਗਲ ਨੂੰ ਹੀ ਕਥਨ ਕਰਦੇ ਹਨ । ਪੂਰੇ ਤੌਰ ਤੇ ਬਿਆਨ ਨਹੀਂ ਕਰ ਸਕਦੇ ਕਿਉਂਕਿ ਇਹ ਚਾਰੇ ਵੇਦ ਤਿਨ੍ਹਾਂ ਗੁਣਾਂ ਦੀ ਖੇਡ ਅੰਦਰਿ ਹੀ ਖੇਡਦੇ ਹਨ, ਚੌਥੇ ਪਦ ਤੁਰੀਆ ਗੁਣ ਦਾ ਏਹਨਾਂ ਨੂੰ ਵਕੂਫ ਹੀ ਨਹੀਂ । ਗੁਰੂ ਦੀ ਉਪਮਾਂ (ਗੁਰੂ ਰੂਪ ਸਾਧ ਦੀ ਮਹਿਮਾ) ਤਿਹਾਂ ਗੁਣਾਂ ਤੇ ਅਪਰੰਪਰ ਹੈ । ਚਉਥੀ ਅਵਸਥਾ ਵਾਲੀ ਹੈ ਐਵੇਂ ਸੁਣੀ ਸੁਣਾਈ ਕੰਨਾਂ ਵਿਚ ਪਈ ਭਿਣਕ ਏਹਨਾਂ ਦੀ ਊਰੀ ਵਾਕਫ਼ੀਅਤ ਹੈ । ਪੂਰੀ ਹਰਗਿਜ਼ ਨਹੀਂ । ਤਾਂ ਤੇ ਇਸ ਦੁਤੁਕੀ ਅੰਦਰਿ ਵੇਦਾਂ ਦੀ ਨਿਰੀ ਨਿਪੁੰਸਕਤਾ ਹੀ ਸਿਧ ਹੁੰਦੀ ਹੈ । ਤੁਰੀਆ ਗੁਣੀ ਅਵਸਥਾ ਦਾ ਵੇਦਾਂ ਨੂੰ ਰਾਈ ਮਾਤ੍ਰ ਭੀ ਪਤਾ ਨਹੀਂ ।

ਸੁਖਮਨੀ ਸਾਹਿਬ ਜੀ ਦੀ ਨੌਵੀਂ ਅਸ਼ਟਪਦੀ ਦੀਆਂ ਪਹਿਲੀਆਂ ਚੋਹਾਂ ਪਉੜੀਆਂ ਅੰਦਰਿ ਸਚੇ ਅਪਰਸ, ਸਚੇ ਵੈਸ਼ਨੋ, ਸਚੇ ਭਗਉਤੀ ਅਤੇ ਸਚੇ ਪੰਡਤਿ ਦੀ ਅਸਲ ਤੇ ਗੁਰਮਤਿ ਡੈਫੀਨੀਸ਼ਨ ਦਰਜ ਹੈ । ਆਨਮਤ ਭੇਖ ਨਾ ਕੋਈ ਅਪਰਸ, ਨਾ ਕੋਈ ਵੈਸ਼ਨੋ, ਨਾ ਕੋਈ ਭਗਉਤੀ ਤੇ ਨਾ ਕੋਈ ਪੰਡਤਿ ਕਹਾ ਸਕਦਾ ਹੈ ਸਭ ਝੂਠੇ ਪੰਡਤਿ, ਝੂਠੇ ਭਗਉਤੀਏ, ਝੂਠੇ ਵੈਸ਼ਨੋ ਅਪਰਸ ਹੀ ਹਨ । ਐਵੇਂ ਆਨਮਤ ਭੇਖ ਦੇ ਪਸੂ ਕਰਤੂਤੀਏ ਪਾਖੰਡੀ ਮਨੁਖ ਹਨ । ਗੁਰਮਤਿ ਅੰਦਰ ਏਹਨਾਂ ਪਖੰਡੀਆਂ ਨੂੰ ਕੋਈ ਥਾਉਂ ਨਹੀਂ । ਏਹਨਾਂ ਚੋਹਾਂ ਪਉੜੀਆਂ ਅੰਦਰਿ ਗੁਰੂ ਸਚੇ ਪਾਤਸ਼ਾਹ ਨੇ ਭਲੀ ਬਿਧਿ ਦਰਸਾ ਦਿਤਾ ਹੈ ਕਿ ਗੁਰਮਤਿ ਅਨੁਸਾਰ ਸਚਾ ਅਪਰਸ ਉਹ ਹੈ ਜੋ ਟਚਨਾ ਦੁਆਰਾ ਮਿਲਿਆ ਝੂਠੀ ਬਾਤ ਕਥਦਾ ਹੀ ਨਹੀਂ ਗੁਰਮਤਿ ਨਾਮ ਤੋਂ ਬਿਨਾਂ ਉਸ ਦੀ ਰਸਨਾ ਹੋਰ ਝੂਠੀ ਬਾਤ ਨੂੰ ਉਹ ਜੀਭ ਨਾਲ ਛੋਹਣ ਤਕ ਨਹੀਂ ਦਿੰਦਾ । ਉਸਦੇ ਮਨ ਅੰਦਰਿ ਕੇਵਲ ਨਿਰੰਜਨ ਦੇ ਨਿਰੰਕਾਰੀ ਦਰਸ਼ਨ ਦੀ ਰੀਤ ਖੁਭੀ ਰਹਿੰਦੀ ਹੈ । ਗੁਰਮਤਿ ਅਪਰਜ ਜਨ ਨੇਤਰ ਕਰਕੇ ਪਰਾਈ ਇਸਤਰੀ ਰੂਪ ਪੇਖਦਾ ਹੀ ਨਹੀਂ । ਸਦਾ ਹੀ ਉਸ ਦਾ ਸਚਾ ਹੇਤ ਪ੍ਰੇਮ ਪਿਆਰ ਸੰਤਾਂ ਦੀ ਸੰਗਤ ਨਾਲ ਹੀ ਰਹਿੰਦਾ ਹੈ । ਸੰਤ ਸਾਧ ਭੀ ਓਹ ਜੋ ਗੁਰੂ ਘਰ ਦੇ ਨਾਮ ਰਸੀਏ ਗੁਰਮੁਖਿ ਜਨ ਹੋਣ । ਉਹਨਾਂ ਦੀ ਟਹਿਲ ਹੀ ਸਚੇ ਅਪਰਸ ਜਨ ਨੂੰ ਭਾਉਂਦੀ ਹੈ । ਕੰਨਾਂ ਕਰਕੇ ਉਹ ਕਿਸੇ ਦੀ ਭੀ ਨਿੰਦਾ ਨਹੀਂ ਸੁਣਦਾ । ਸਭ ਤੋਂ ਆਪਣੇ ਆਪ ਨੂੰ ਮੰਦਾ ਸਮਝਦਾ ਹੈ । ਜੈਸੇ ਗੁਰਵਾਕ ਹੈ—



www.AKJ.Org

'ਮੰਦਾ ਜਾਣੇ ਆਪ ਕੋ ਅਵਰ ਭਲਾ ਸੰਸਾਰ।'
ਸਤਿਗੁਰ ਦੀ ਅਪਾਰ ਮੇਹਰ ਪਰਸਾਦਨੀ ਕ੍ਰਿਪਾ ਦੁਆਰਾ ਨਾਮ ਤੋਂ ਛੁਟ ਹੋਰ ਦ੍ਰਿਸ਼ਟਮਾਨ ਤ੍ਰੈਗੁਣੀ ਸਮਗਰੀ ਬਿਖ ਰੂਪ ਕਰਕੇ ਜਾਣਦਾ ਹੈ ਤੇ ਬਿਖਿਆ ਸਮਝ ਕੇ ਹੀ ਉਸ ਦਾ ਮਨੋਂ ਤਨੋਂ ਉਕਾ ਤਿਆਗ ਕਰ ਦਿੰਦਾ ਹੈ। ਇਸ ਕਰਕੇ ਉਸ ਦੀਆਂ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਤ੍ਰਿਸ਼ਨਾ-ਮਈ ਸੰਕਲਪ ਵਿਕਲਪ ਫੁਰਨੇ ਕੁਫੁਰਨੇ ਉਸਦੇ ਮਨ ਤੋਂ ਹੀ ਦੂਰ ਹੋ ਜਾਂਦੇ ਹਨ ਇਸ ਪ੍ਰਕਾਰ ਉਹ ਇੰਦਰੇ ਜਿਤਣ ਵਾਲਾ ਹੋ ਜਾਂਦਾ ਹੈ ਅਤੇ ਕਾਮ ਆਦਕ ਦੇ ਅਸਰਾਂ ਤੋਂ ਪੰਚ ਦੋਖਾਂ ਤੋਂ ਸਦਾ ਰਹਿਤ ਹੀ ਰਹਿੰਦਾ ਹੈ। ਕਰੋੜਾਂ ਵਿਚੋਂ ਕੋਈ ਇਕ ਅੱਧਾ ਹੀ ਐਸਾ ਅਪਰਸ ਹੁੰਦਾ ਹੈ। ਓਹ ਕਰੋੜਾਂ ਮਧੇ ਅਪਰਸ ਕੇਵਲ ਗੁਰਮੁਖਿ ਜਨ ਹੀ ਹੁੰਦਾ ਹੈ, ਜਿਸ ਨੂੰ ਗੁਰਮਤਿ ਤੋਂ ਹੀ ਸਚੀ ਸੁਮਤਿ ਆਉਂਦੀ ਹੈ। ਕਾਦਰ ਦੀ ਅਰਬਾਂ ਖਰਬਾਂ ਦੀ ਗਿਣਤੀ ਵਾਲੀ ਕੁਦਰਤ ਅਤੇ ਅਨਗਿਣਤ ਖੰਡਾਂ ਬ੍ਰਹਿਮੰਡਾਂ ਦੇ ਵਸਨੀਕਾਂ ਮਨੁਖਾਂ ਦੇ ਮੁਕਾਬਲੇ ਵਿਚ ਇਹ ਮਧ ਕੋਟੀ ਵਾਲੀ ਗਿਣਤੀ ਇਥੇ ਗਿਣੀ ਗਈ ਹੈ। ਇਸ ਸਾਰੀ ਅਰਬ ਖਰਬੀ ਕਾਇਨਾਤ ਵਿਚੋਂ ਮਨੁਖੀ ਵਸੋਂ ਵਿਚੋਂ ਗੁਰੂ ਘਰ ਵਿਖੇ ਹੀ ਚੁਣ ਕਢੇ ਲਧੋਵਾਰੇ ਪੂਰਬਲੇ ਕਰਮਾਂ ਅਨੁਸਾਰ ਆ ਕੇ ਵਸਦੇ ਹਨ। ਗੁਰੂ ਘਰ ਵਾਸਤਵ ਵਿਚ ਏਹਨਾਂ ਕੋਟ ਮਧੀਸ਼ਰੀ ਸ਼ਰੇਣੀ ਵਿਖੇ ਚੁਣੇ ਗਏ ਗੁਰਮੁਖਿ ਵਿਰਲੀਸ਼ਰਾਂ ਦਾ ਸਮੁਦਾਇ ਹੀ ਹੈ—

ਜੋ ਤੁਧੁ ਸਚੇ ਧਿਆਇੰਦੇ ਸੇ ਵਿਰਲੇ ਥੋੜੇ।

ਗੁਰਮੁਖਿ ਜਨ ਅਗਾਧ ਕਰਮਗਤੀ ਅਨੁਸਾਰ ਗੁਰੂ ਘਰ ਰੂਪੀ ਗੁਰਮੁਖਿ ਮੰਡਲ ਵਿਚ ਜਾ ਕੇ ਹੀ ਵਾਸਾ ਪਾਉਂਦੇ ਹਨ। ਤਾਂ ਤੇ ਇਹ ਗਲ ਕੋਈ ਅਣਹੋਣੀ ਨਹੀਂ ਕਿ ਕੋਟਿ ਮਧੇ ਵਾਲੀ ਗਿਣਤੀ ਅਨੁਸਾਰ ਕੇਵਲ ਗੁਰੂ ਘਰ ਦੇ ਵਿਰਲੇ ਚੋਣੀਸ਼ਰਾਂ ਦਾ ਚੋਣ ਹੀ ਮੁਖ ਰਖਿਆ ਗਿਆ ਹੈ। ਗੁਰਮਤਿ ਅਨੁਸਾਰ ਸਚਾ ਬੈਸਨੋ ਸੋ ਹੈ ਜਿਸ ਦੇ ਉਪਰ ਵਾਹਿਗੁਰੂ ਦੀ ਪ੍ਰਸੰਨਤਾ ਹੋਵੇ। ਇਸ ਸੁਪਰਸੰਨਤਾ ਕਰਕੇ ਸਦਾ ਹੀ ਮਾਇਆ ਤੋਂ ਭਿੰਨ ਅਰਥਾਤ ਸੁਤੇ ਹੀ ਨਿਰਲੇਪ ਰਹਿੰਦਾ ਹੈ। ਐਸੇ ਵੈਸ਼ਨੋ ਨੂੰ ਤਰੈਗੁਣੀ ਕਰਮ ਕਰਨ ਦਾ ਲੇਪ ਛੇਪ ਭੀ ਨਹੀਂ ਲਗਦਾ ਕਿਉਂਕਿ ਉਹ ਸਦਾ ਨੇਕ ਕਰਮ ਕਰਨੀ ਕਮਾਉਂਦਾ ਹੈ। (ਭਾਵ ਨਾਮ ਜਪਦਾ ਹੈ।) ਨੇਕ ਕਰਮੀ ਸੋ ਹੈ ਜੋ ਕੀਤੇ ਕੰਮ ਦਾ ਫਲ ਮੰਗਣ ਵਾਲਾ ਨ ਹੋਵੇ। ਐਸੇ ਗੁਰਮਤਿ ਵੈਸਨੂ ਦਾ ਨਿਰਾਲਾ ਧਰਮ ਹੈ। ਤਾਂ ਤੇ ਖਾਲਸਈ ਖਾਲਸ ਧਰਮ ਵਾਲੇ ਹੀ ਸਚੇ ਵੈਸ਼ਨੋ ਹਨ, ਐਸਾ ਗੁਰਮੁਖਿ ਵੈਸ਼ਨੋ ਜਨ ਕਿਸੇ ਪ੍ਰਕਾਰ ਦੀ ਫਲ ਇਛਾ ਹੀ ਨਹੀਂ ਬਾਂਛਦਾ। ਕੇਵਲ ਵਾਹਿਗੁਰੂ ਦੀ ਭਗਤੀ ਅਤੇ ਸਿਫਤ ਸਾਲਾਹ ਰੂਪੀ ਕੀਰਤਨ ਵਿਖੇ ਹੀ ਜੁਟਿਆ ਰਚਿਆ ਰਹਿੰਦਾ ਹੈ; ਉਸ ਦੇ ਮਸਤਕ ਅੰਦਰਿ ਗੋਪਾਲ ਦਾ ਸਿਮਰਨ ਹੀ ਰੋਮ ਰੋਮ ਕਰਕੇ ਵਸਿਆ ਰਸਿਆ ਰਹਿੰਦਾ ਹੈ।

ਐਸੇ ਗੁਰਮੁਖ ਵੈਸਨੂ ਜਨ ਦੀ ਕਿਸੇ ਉਪਰ ਭੀ ਕਰੂਰ ਦਰਿਸ਼ਟੀ ਨਹੀਂ ਹੁੰਦੀ। ਸਭ ਉਪਰ ਮੇਹਰ ਦਰਿਸ਼ਟੀ ਨਾਲ ਹੀ ਦੇਖਦਾ ਹੈ। ਸਭ ਨੂੰ ਗੁਰਮਤਿ ਨਾਮ ਅਭਿਆਸ ਦੇ ਜੀਆ ਦਾਨ ਰੂਪੀ ਪਰਉਪਕਾਰ ਦਾਇਰੇ ਅੰਦਰਿ ਲਿਔਣ ਦੀ ਕਿਰਪਾਲਤਾ ਭਰੀ ਦਰਿਸ਼ਟੀ ਰਖਦਾ ਹੈ। ਪ੍ਰਿਥਮੇ ਆਪਣੇ ਆਪ ਨੂੰ ਹੀ ਪਰਬੋਧਦਾ, ਗੁਰਮਤਿ ਨਾਮ ਦ੍ਰਿੜ੍ਹ ਕਰਦਾ ਹੈ ਤੇ ਕਰਕੇ ਗੁਰਮਤਿ ਨਾਮ ਦਾ ਅਭਿਆਸ ਕਮਾਉਂਦਾ ਹੈ। ਖੁਦ ਕਮਾਈ ਕਰਕੇ ਹੋਰਨਾਂ ਨੂੰ ਭੀ ਨਾਮ ਜਪਣ ਦੀ ਰਸਾਈ ਵਲ ਪਰੇਰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਐਸਾ ਗੁਰਮਤਿ ਨਦਰੀ ਗੁਰਮੁਖਿ ਵੈਸ਼ਨੋ ਜਨ ਉਚੀ ਤੋਂ ਉਚੀ ਕਲਿਆਣ ਗਤੀ ਨੂੰ ਪ੍ਰਾਪਤ ਹੁੰਦਾ ਹੈ। ਅਨਮਤੀ ਭਗਉਤੀਏ ਉਹ ਹਨ ਜੋ ਲੋਕ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਆਦਿ ਦੀ ਪੂਜਾ ਵਿਚ ਲਗੇ ਹੋਏ ਰਾਸਾਂ ਪਾਉਣ ਵਿਚ ਹੀ ਪਰਵਿਰਤ ਰਹਿੰਦੇ ਹਨ ਅਤੇ ਨਚਣ ਕੁਦਣ ਕਰਕੇ ਹੀ ਆਪਣੀ ਭਗਤੀ ਪਖੰਡ ਨੂੰ ਜ਼ਾਹਰ ਕਰਦੇ ਹਨ। ਆਨਮਤੀਆਂ ਅੰਦਰ ਅਜੇਹੀ ਹੋਛੀ ਭਗਤੀ ਮਾਰਗ ਦੇ ਮੰਨਣ ਵਾਲਾ ਇਹ ਇਕ ਹੋਛਾ ਫਿਰਕਾ ਹੈ ਜਿਸ ਨੂੰ ਭਗਤੀ ਦੇ ਨਾਮ ਨਾਲ ਅੰਕਤਾਇਆ ਗਿਆ ਹੈ ਗੁਰਮਤਿ ਅਨੁਸਾਰ ਸਚਾ ਭਗਉਤੀਆ ਉਹ ਪੁਰਸ਼ ਜਗਿਆਸੂ


www.AKJ.Org

ਜਨ ਹੈ ਜਿਸ ਨੂੰ ਵਾਹਿਗੁਰੂ ਭਗਵੰਤ ਦੀ ਭਗਤੀ ਦਾ ਗੂੜ੍ਹਾ ਮਜੀਠੀ ਰੰਗ ਸਦਾ ਚੜ੍ਹਿਆ ਰਹੇ। ਐਸਾ ਸਚੜਾ ਗੁਰਮੁਖਿ ਭਗਉਤੀ ਜਨ ਪਸ਼ੂ ਕਰਤੂਤੀਏ ਦੁਸ਼ਟਾਂ ਦਾ ਕੁਸੰਗ ਸਦਾ ਹੀ ਤਿਆਗੀ ਰਖਦਾ ਹੈ। ਸਚੇ ਗੁਰਮਤਿ ਭਗਉਤੀਏ ਮਹਾ ਪੁਰਸ਼ ਦੇ ਮਨ ਤੋਂ ਕੇਵਲ ਗੁਰਮਤਿ ਨਾਮ ਤੋਂ ਬਿਨਾਂ ਹੋਰ ਸਗਲੀ ਉਪਾਸ਼ਨਾ ਦਾ ਭਰਮ ਉਕਾ ਹੀ ਮਿਟ ਜਾਂਦਾ ਹੈ। ਨਾਮ ਦਾ ਗੂੜ੍ਹਾ ਰੰਗ ਚੜ੍ਹਨ ਕਰ ਕੇ ਉਸ ਦੀ ਦਿਬ ਦ੍ਰਿਸ਼ਟੀ ਅੰਦਰ ਪਾਰਬ੍ਰਹਮ ਹੀ ਪਾਰਬ੍ਰਹਮ ਨਜ਼ਰ ਆਉਂਦਾ ਹੈ ਇਸ ਕਰਕੇ ਉਹ ਨਿਰੋਲ ਨਿਰੰਕਾਰ ਪਾਰਬ੍ਰਹਮ ਦਾ ਹੀ ਪੁਜਾਰੀ ਸਚਾ ਗੁਰਮਤਿ ਪੁਜਾਰੀ ਬਣਿਆ ਰਹਿੰਦਾ ਹੈ। ਉਹ ਗੁਰਮਤਿ ਸਤਿਸੰਗ ਮੰਡਲ ਵਿਖੇ ਹੀ ਸਦਾ ਵਾਸਾ ਰਖਣ ਕਰ ਕੇ ਸਗਲ ਪਾਪਾਂ ਦੀ ਮੈਲ ਨੂੰ ਆਪਣੇ ਤਨ ਮਨ ਵਿਚੋਂ ਖੋ ਦਿੰਦਾ ਹੈ। ਐਸੋ ਗੁਰਮਤਿ ਭਗਉਤੀ ਦੀ ਮਤਿ ਸਦਾ ਹੀ ਉਜਲੀ ਅਤੇ ਸਰਬੋਤਮ ਹੁੰਦੀ ਹੈ। ਉਹ ਨਿਤਾ ਪ੍ਰਤਿ ਗੁਰਮਤਿ ਨਾਮ ਦਾ ਸੁਆਸ ਗਿਰਾਸੀ ਅਭਿਆਸੀ ਹੋਣ ਕਰ ਕੇ ਵਾਹਿਗੁਰੂ ਭਗਵੰਤ ਦਾ ਟਹਿਲੀਆ ਬਣਿਆ ਰਹਿੰਦਾ ਹੈ। ਆਪਣਾ ਤਨ ਤੇ ਮਨ ਵਾਹਿਗੁਰੂ ਦੇ ਪਰੀਤ ਪਰੇਮ ਦੀ ਭੇਟਾ ਹੀ ਕਰ ਦਿੰਦਾ ਹੈ। ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਹਰਦਮ ਹਿਰਦੇ ਅੰਦਰਿ ਵਸਾਈ ਰਖਦਾ ਹੈ। ਗੁਰਮਤਿ ਰਸੀਅੜਾ ਐਸਾ ਭਗਉਤੀ ਜਨ ਹੀ ਭਗਵੰਤ (ਵਾਹਿਗੁਰੂ) ਨੂੰ ਪਾਵਣਹਾਰਾ ਹੁੰਦਾ ਹੈ। ਉਪਰ ਦਸੀ ਗੁਰਮਤਿ ਭਗਉਤੀ ਜਨ ਦੀ ਵਿਸਥਾਰ ਪੂਰਬਕ ਸਚੀ ਮਹਿਮਾ ਮਈ ਗੁਰਮਤਿ ਡੈਫੀਨੀਸ਼ਨ ਹੈ। ਗੁਰਮਤਿ ਅਨੁਸਾਰ ਸਚਾ ਪੰਡਿਤ ਉਹ ਹੈ ਜੋ ਗੁਰਮਤਿ ਕਸੌਟੀ ਤੇ ਲਗਾ ਕੇ ਆਪਣਾ ਮਨ ਪਰਬੋਧਦਾ ਹੈ ਅਤੇ ਆਪਣੀ ਆਤਮਾ ਵਿਖੇ ਰਮ ਰਹੇ ਵਾਹਿਗੁਰੂ ਦੀ ਦ੍ਰਿੜ ਕਰ ਕੇ ਸੋਧਨਾਂ ਸਾਧਦਾ ਹੈ। ਵਾਹਿਗੁਰੂ ਦੇ ਸਰਬਤਰ ਰਮ ਰਹੇ ਨਾਮ ਦਾ ਤੱਤ ਸਾਰ ਰੂਪੀ ਰਸ ਸਦਾ ਹੀ ਪੀਂਦਾ ਰਹਿੰਦਾ ਹੈ। ਐਸੇ ਗੁਰਮਤਿ ਗੀਧੇ ਪੰਡਿਤ ਦੇ ਉਪਦੇਸ਼ ਅਨੁਸਾਰ ਚਲਣਹਾਰਾ ਸਾਰਾ ਜਗ ਜੀਉਂਦਾ ਜਾਗਦਾ ਹੋ ਜਾਂਦਾ ਹੈ: ਉਸ ਦੀ ਨਜ਼ੀਰ ਮਿਸਾਲ ਹੀ ਉਪਦੇਸ਼ ਰੂਪ ਹੁੰਦੀ ਹੈ। ਉਸ ਨੂੰ ਮੁਖੋਂ ਕੂੜਾਵੇ ਉਪਦੇਸ਼ਕ ਵਾਂਗੂ ਕੂੜਾ ਉਪਦੇਸ਼ ਕਰਨ ਦੀ ਧਤ (ਵਾਦੀ) ਨਹੀਂ ਹੁੰਦੀ। ਚੰਨਣ ਬਿਰਖ ਦੀ ਨਿਆਈਂ ਉਸਦੇ ਜੀਵਨ ਦੀ ਮਹਿਕ ਐਸੀ ਮਹਿਕ ਉਠਦੀ ਹੈ ਕਿ ਮਹਿਕ ਮਹਿਕ ਹੋ ਆਪਣਾ ਸਾਰਾ ਉਦਾਲਾ ਪੁਦਾਲਾ ਚੰਦਨ ਰੂਪ ਹੀ ਬਣਾ ਲੈਂਦਾ ਹੈ। ਵਾਹਿਗੁਰੂ ਨਾਮ ਦੇ ਅਭਿਆਸ ਰੂਪੀ ਸਚੜੀ ਕਥਾ ਨੂੰ ਹਿਰਦੇ ਅੰਦਰਿ ਸੁਆਸ ਸੁਆਸ ਹੀ ਵਸਾਈ ਰਖਦਾ ਹੈ ਹੋਰ ਚੁੰਚ ਕਥਾ ਕਥੌਲੀ ਕਰਨ ਦੀ ਉਸ ਨੂੰ ਲੋੜ ਨਹੀਂ ਹੁੰਦੀ। ਗੁਰਮਤਿ ਨਾਮ ਅਭਿਆਸ ਰੂਪੀ ਕਥਾ ਨੂੰ ਸਦਾ ਹਿਰਦੇ ਵਿਚ ਵਸਾਈ ਰਖਣ ਵਾਲਾ ਪੰਡਿਤ ਫਿਰ ਮੁੜਕੇ ਚੁਰਾਸੀ ਦੇ ਗੇੜ ਵਿਚ ਨਹੀਂ ਪੈਂਦਾ। ਗਰਭ ਜੋਨ ਵਿਚ ਕਦੇ ਨਹੀਂ ਆਉਂਦਾ। ਸੁਤੇ ਸੁਭਾਵ ਹੀ ਬੇਦ ਪੁਰਾਨ ਸਿਮ੍ਰਿਤੀਆਂ ਦਾ ਮੂਲ ਬੂਝਣ ਵਾਲਾ ਹੁੰਦਾ ਹੈ। ਗੁਰਮਤਿ ਨਾਮ ਦੀ ਕਲਾ ਦੁਆਰਾ ਉਸਦੇ ਅੰਦਰਿ ਇਸ ਮੂਲ ਦੇ ਬੁਝਣ ਦੀ ਸੁਤੇ ਸੂਝ ਹੁੰਦੀ ਹੈ। ਸਚੜੇ ਗੁਰੂ ਸਤਿਗੁਰੂ ਦੀ ਕਿਰਪਾ ਕਟਾਖਸ਼ ਦੁਆਰਾ ਮੂੜ ਮੁਗਧਾਂ ਉਪਰ ਭੀ ਅਜੇਹੀ ਕਲਾ ਵਰਤ ਜਾਂਦੀ ਹੈ ਕਿ ਓਹਨਾਂ ਨੂੰ ਸੁਤੇ ਸੁਭਾਵ ਹੀ ਵੇਦਾਂ ਸਿਮ੍ਰਿਤੀਆਂ ਦੀ ਇਕ ਫੋਰੇ ਵਿਚ ਹੀ ਸੁਤੇ ਸੋਝੀ ਹੋ ਜਾਂਦੀ ਹੈ ਜੈਸੇ ਕਿ ਸ੍ਰੀ ਪੰਜੋਖਰਾ ਸਾਹਿਬ ਵਿਖੇ ਸਿਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਕਲਾ ਕ੍ਰਿਸ਼ਮੀ ਛਿਟੀ ਲਾ ਕੇ ਇਕ ਮੂੜ੍ਹ ਮੁਗਧ ਨਿਰੇ ਅਨਪੜ੍ਹ ਪੁਰਸ਼ ਨੂੰ ਸਪਤ ਸਲੋਕੀ ਗੀਤਾ ਦਾ ਤੱਤ ਗਿਆਤਾ ਬਣਾ ਦਿਤਾ ਸੀ ਜਿਸ ਨੇ ਗੁਰੂ ਕਲਾ ਵਰਤਣ ਦੇ ਪ੍ਰਤਾਪ ਨਾਲ ਸੰਸਕ੍ਰਿਤ ਵਿਖੇ ਲਿਖੀ ਸਪਤ ਸਲੋਕੀ ਗੀਤਾ ਦਾ ਅਰਥ ਬੋਧਨੀ ਟੀਕਾ ਕਰਕੇ ਅਭਿਮਾਨੀ ਅਤੇ ਅਨਮਤੀ ਪੰਡਤਿ ਨੂੰ ਪਰਤੱਖ ਦਿਖਾਇਆ। ਇਸ ਕਰ ਕੇ ਉਕਤ ਆਨਮਤੀ ਅਗਿਆਨੀ ਪੰਡਿਤ ਤੱਤ ਕਾਲ ਹੀ ਗੁਰਮਤਿ ਦਾ ਧਾਰਨੀ ਹੋ ਗਿਆ। ਕਲਾਧਾਰੀ ਸਤਿਗੁਰੂ ਦੀ ਨਦਰ ਸਵੱਲੀ ਹੋਣ ਕਰ ਕੇ ਆਨਮਤ ਮਤਿ ਅਵਲੰਬੀ ਭਗਤਾਂ ਭੱਟਾਂ ਉਤੇ ਭੀ ਇਹ ਕਲਾ ਵਰਤ ਗਈ। ਜਿਸ ਗੁਰੂ ਕਲਾ ਦੇ ਵਰਤਣ ਕਰਕੇ ਉਹਨਾਂ ਦੇ ਮੁਖੋਂ



www.AKJ.Org

ਉਚਾਰੀ ਬਾਨੀ ਗੁਰਮਤਿ ਕਲਾ ਵਾਲੀ ਗੁਰਬਾਣੀ ਹੀ ਕਹਾਉਂਦੀ ਹੈ। ਉਹ ਮੂੜ੍ਹ ਮੁਗਧ ਅਗਿਆਨੀ ਪੁਰਸ਼ ਹੀ ਹਨ ਜੋ ਸਿਰੀ ਗੁਰੂ ਗਰੰਥ ਸਾਹਿਬ ਵਿਖੇ ਆਈ ਭਗਤਾਂ ਭੱਟਾਂ ਦੇ ਨਾਮ ਵਾਲੀ ਬਾਣੀ ਨੂੰ ਗੁਰਬਾਣੀ ਨਹੀਂ ਸਮਝਦੇ ਤਾਂਤੇ ਗੁਰੂ ਕਲਾ ਦਾ ਪਾਤਰ ਹਰੇਕ ਗੁਰਮੁਖਿ ਜਨ ਵੇਦਾਂ ਸਿਮ੍ਰਿਤੀਆਂ ਦਾ ਤੱਤ ਬੇਤਾ ਸੱਚਾ ਪੰਡਤਿ ਬਣ ਸਕਦਾ ਹੈ। ਐਸਾ ਸੱਚਾ ਗੁਰਮਤਿ ਵਿਦਈਸ਼ਰ ਸੱਚਾ ਪੰਡਤਿ ਆਪਣੇ ਦਿੱਬ ਦ੍ਰਿਸ਼ਟੀ ਵਾਲੇ ਸੂਖਮ ਮੰਡਲ ਵਿਚ ਸਾਰੀ ਚਰਾਚਰ ਅਸਥੂਲ ਰਚਨਾ ਨੂੰ ਪਰਤਖ ਦੇਖਦਾ ਹੈ। ਗੁਰਮਤਿ ਅਨੁਸਾਰ ਸੱਚਾ ਪੰਡਿਤ ਸੋ ਹੈ ਜੋ ਸਾਰੇ ਵਰਨਾਂ ਆਸ਼ਰਮਾਂ ਨੂੰ ਇਕੋ ਸਮ ਦ੍ਰਿਸ਼ਟੀ ਨਾਲ ਵੇਖਦਾ ਹੈ। ਚੋਹਾਂ ਵਰਨਾਂ ਨੂੰ ਹੀ ਗੁਰਮਤਿ ਉਪਦੇਸ਼ ਦੀਖਿਆ ਦਾ ਪਾਤਰ ਸਮਝ ਕੇ ਗੁਰਦੀਖਿਆ ਉਪਦੇਸ਼ ਸਭ ਨੂੰ ਸਾਂਝਾ ਹੀ ਦਿੰਦਾ ਹੈ। ਆਨਮਤੀ ਪੰਡਿਤਾਂ ਵਾਂਗੂੰ ਇਸ ਉਪਦੇਸ਼ ਰੂਪੀ ਸਾਂਝੀਵਾਲਤਾ ਤੋਂ ਬ੍ਰਾਹਮਣਾਂ ਤੋਂ ਬਿਨਾਂ ਛਤਰੀ, ਸੂਦਰ, ਵੈਸ਼ ਆਦਿਕਾਂ ਨੂੰ ਇਸ ਗੁਰਦੀਖਿਆ ਤੋਂ ਵਾਂਝੇ ਨਹੀਂ ਰਖਦਾ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਐਸੇ ਨਿਰੋਲ ਗੁਰਮਤਿ ਧਾਰਨੀ ਪੰਡਿਤ ਨੂੰ ਸਾਡੀ ਸਦਾ ਹੀ ਆਦੇਸ਼ (ਨਮਸਕਾਰ) ਹੈ। ਗੁਰਮਤਿ ਅਨੁਸਾਰ ਗੁਰਮੰਤਰ ਦੀਖਿਆ ਰੂਪੀ ਤੱਤ ਗਿਆਨ ਸਾਰਿਆਂ ਲਈ ਸਾਂਝਾ ਹੈ। ਕੋਈ ਭੀ ਇਸਤ੍ਰੀ ਪੁਰਸ਼ ਇਸ ਤੋਂ ਵਾਂਝਾ ਨਹੀਂ। ਗੁਰਦੀਖਿਆ ਗੁਰਮੰਤਰ ਦੇ ਦਾਇਰੇ ਵਿਚ ਆਉਣ ਲਈ ਸਾਰਿਆਂ ਨੂੰ ਇਕੋ ਜੇਹਾ ਅਧਿਕਾਰ ਹੈ ਚੋਹਾਂ ਵਰਨਾਂ ਵਿਚੋਂ ਭਾਵੇਂ ਕੋਈ ਨਾਮ ਜਪੇ ਯਥਾ ਗੁਰਵਾਕ—

ਖਤ੍ਰੀ ਬ੍ਰਾਹਮਣ ਸੂਦ ਬੈਸ ਉਧਰੇ ਸਿਮਰਿ ਚੰਡਾਲ।

ਤਥਾ—ਖਤਰੀ ਬ੍ਰਾਹਮਣ ਸੂਦ ਵੈਸ
ਉਪਦੇਸ਼ ਚਹੁ ਵਰਨਾ ਕਉ ਸਾਝਾ।

ਐਸੇ ਗੁਰਮਤਿ ਗਿਆਨ ਦੇ ਤੱਤ ਬੇਤਾ ਪੰਡਤਿ ਸਚੜੇ ਗੁਰਮੁਖਿ ਜਨ ਪਰਮਾਤਮ ਦਰਸੀ ਤੱਤ ਗਿਆਨੀ ਗੁਰੂ ਘਰ ਵਿਖੇ ਹੀ ਪਾਏ ਜਾਂਦੇ ਹਨ। ਯਥਾ ਗੁਰ ਪਰਮਾਣ—

ਮਿਥਿਆ ਨਾਹੀ ਰਸਨਾ ਪਰਸ ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ।
ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ।
ਸਾਧ ਕੀ ਟਹਲ ਸੰਤ ਸੰਗਿ ਹੇਤ।
ਕਰਨ ਨ ਸੁਨੈ ਕਾਹੂ ਕੀ ਨਿੰਦਾ।
ਸਭ ਤੇ ਜਾਨੈ ਆਪਸ ਕਉ ਮੰਦਾ।
ਗੁਰਪ੍ਰਸਾਦਿ ਬਿਖਿਆ ਪਰਹਰੈ।
ਮਨ ਕੀ ਬਾਸਨਾ ਮਨ ਤੇ ਟਰੈ।
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ।
ਨਾਨਕ ਕੋਟਿ ਮਧੇ ਕੋ ਐਸਾ ਅਪਰਸ।੧।
ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ।
ਬਿਸਨ ਕੀ ਮਾਇਆ ਤੇ ਹੋਇ ਭਿੰਨ।
ਕਰਮ ਕਰਤ ਹੋਵੈ ਨਿਹਕਰਮ।
ਤਿਸੁ ਬੈਸਨੋ ਕਾ ਨਿਰਮਲ ਧਰਮ।
ਕਾਹੂ ਫਲ ਕੀ ਇਛਾ ਨਹੀ ਬਾਛੈ।
ਕੇਵਲ ਭਗਤਿ ਕੀਰਤਨ ਸੰਗਿ ਰਾਚੈ।
ਮਨ ਤਨ ਅੰਤਰਿ ਸਿਮਰਨ ਗੋਪਾਲ।
ਸਭ ਊਪਰਿ ਹੋਵਤ ਕਿਰਪਾਲ।
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ।
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ।੨।
ਭਗਉਤੀ ਭਗਵੰਤ ਭਗਤਿ ਕਾ ਰੰਗੁ।
ਸਗਲ ਤਿਆਗੈ ਦੁਸਟ ਕਾ ਸੰਗੁ।
ਮਨ ਤੇ ਬਿਨਸੈ ਸਗਲਾ ਭਰਮੁ।
ਕਰਿ ਪੂਜੈ ਸਗਲ ਪਾਰਬ੍ਰਹਮੁ।
ਸਾਧ ਸੰਗਿ ਪਾਪਾ ਮਲੁ ਖੋਵੈ।
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ।
ਭਗਵੰਤ ਕੀ ਟਹਲ ਕਰੈ ਨਿਤ ਨੀਤਿ।
ਮਨੁ ਤਨੁ ਅਰਪੈ ਬਿਸਨ ਪਰੀਤਿ।
ਹਰਿ ਕੇ ਚਰਨ ਹਿਰਦੈ ਬਸਾਵੈ।
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ।੩।
ਸੋ ਪੰਡਿਤੁ ਜੋ ਮਨਿ ਪਰਬੋਧੈ।
ਰਾਮ ਨਾਮੁ ਆਤਮ ਮਹਿ ਸੋਧੈ।
ਰਾਮ ਨਾਮੁ ਸਾਰੁ ਰਸੁ ਪੀਵੈ।
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ।



www.AKJ.Org

ਹਰਿ ਕੀ ਕਥਾ ਹਿਰਦੈ ਬਸਾਵੈ ।
ਸੋ ਪੰਡਤਿ ਫਿਰਿ ਜੋਨਿ ਨ ਆਵੈ ।
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ।
ਸੂਖਮ ਮਹਿ ਜਾਨੈ ਅਸਥੂਲੁ ।
ਚਹੁ ਵਰਨਾ ਕਉ ਦੇ ਉਪਦੇਸੁ ।
ਨਾਨਕ ਉਸੁ ਪੰਡਤਿ ਕਉ ਸਦਾ ਅਦੇਸੁ । ੪ ।
ਬੀਜ ਮੰਤ੍ਰ ਸਰਬ ਕੋ ਗਿਆਨੁ ।
ਚਹੁ ਵਰਨਾ ਮਹਿ ਜਪੈ ਕੋਊ ਨਾਮੁ ।

ਏਹਨਾਂ ਦੋਹਾਂ ਪਿਛਲੇਰੀਆਂ ਤੁਕਾਂ ਲਈ ਦੇਖੋ ਗੁਰਬਾਣੀ ਲਗਾਂ ਮਾਤਰਾਂ ਦੀ ਵਿਲਖਣਤਾ ਮਹੱਤਤਾ ਨਾਮੇ ਪੁਸਤਕ ।

## ਵੇਦਾਂ ਪੁਰਾਣਾਂ ਦਾ ਖੰਡਨ

ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤਰ ।

ਇਸ ਗੁਰਵਾਕ ਤੁਕ ਦਾ ਭਾਵ ਇਹ ਨਹੀਂ ਦਸਦਾ ਕਿ ਐਸੀ ਤੁਕ ਦਾ ਜ਼ਿਕਰ ਮਾਤ੍ਰ ਔਣ ਕਰਕੇ ਹੀ ਵੇਦਾਂ ਪੁਰਾਨਾਂ ਸਿਮ੍ਰਿਤੀਆਂ ਸ਼ਾਸਤਰਾਂ ਦੀ ਮਹੱਤਤਾ ਮਈ ਮੰਡਨ ਸਿਧ ਹੋ ਜਾਂਦਾ ਹੈ ਬਲਕਿ ਚੌਹਾਂ ਬੇਦਾਂ ਦੇ ਅਗਿਆਨੀਆਂ ਲਈ ਇਹ ਅਭਿਮਾਨ ਦਮਨੀ ਪੈਜ਼ਾਰ ਹੈ ਕਿ ਅਜੇਹੇ ਵੇਦ ਸਿਮ੍ਰਿਤਿ ਸਾਸਤ ਆਦਿਕ ਐਸੇ (ਅਣਗਿਣਤ) ਕਈ ਕੋਟਿ ਪੁਸਤਕ ਸਰਸਰੀ ਤੌਰ ਤੇ ਰਚੇ ਗਏ ਹਨ । ਚੌਹਾਂ ਵੇਦਾਂ ਦਾ ਕੀ ਮਾਣ ਹੈ, ਸ੍ਰਿਸ਼ਟੀ ਦੀ ਅਣਗਿਣਤ ਕੋਟੀ ਵਾਲੀ ਰਚਨਾ ਵਿਚੋਂ ਇਹਨਾਂ ਵੇਦ ਪੁਰਾਨਾਂ ਆਦ ਦਾ ਜ਼ਿਕਰ ਆ ਗਿਆ ਹੈ । ਸਰਸਰੀ ਪੁਸਤਕਾਂ ਦੀ ਸ਼੍ਰੇਣੀ ਕੋਟੀ ਵਿਚ ਏਹਨਾਂ ਹਿੰਦੂਆਂ ਦੇ ਮੰਨੇ ਦੰਨੇ ਵੇਦਾਂ ਸ਼ਾਸਤਰਾਂ ਨੂੰ ਗਿਣਿਆ ਗਿਆ ਤਾਂ ਤੇ ਗੁਰਮਤਿ ਅਨੁਸਾਰ ਅਨਮਤੀ ਮਨੌਤੀ ਵਾਲੇ ਚੌਹਾਂ ਵੇਦਾਂ ਦੀ ਹੈਸੀਅਤ ਹੀ ਕੁਛ ਨਹੀਂ ।

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ।
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ।

ਇਸ ਦੀ ਵਿਆਖਿਆ ਲਈ ਦੇਖੋ ਕਈ ਕੋਟ ਵਾਲੀ ਉਪਰ ਦਿਤੀ ਵਿਆਖਿਆ ॥

'ਅਨਿਕ ਉਪਾਵ ਨ ਛੂਟਨ ਹਾਰੇ ।
ਸਿਮ੍ਰਿਤਿ ਸਾਸਤਰ ਬੇਦ ਬੀਚਾਰੇ ।
ਹਰਿ ਕੀ ਭਗਤਿ ਕਰਹੁ ਮਨੁ ਲਾਇ ।
ਮਨਿ ਬੰਛਤ ਨਾਨਕ ਫਲ ਪਾਇ ।

ਅਨਮਤੀਆਂ ਦੇ ਅਨੇਕ ਉਪਾਵਾਂ ਵਿਚੋਂ ਇਸ ਚੁਰਾਸੀ ਦੇ ਗੇੜ ਤੋਂ ਛੁਟਕਾਰੇ ਦਾ ਇਕ ਉਪਾਉ ਸਿਮ੍ਰਿਤਿ ਸ਼ਾਸਤਰ ਬੇਦਾਂ ਦਾ ਬੀਚਾਰ ਹੈ । ਸੋ ਇਹ ਗੁਰਵਾਕ ਸਪਸ਼ਟ ਦ੍ਰਿੜਾਉਂਦਾ ਹੈ ਕਿ ਸਿਮ੍ਰਿਤਿ ਸ਼ਾਸਤਰ ਬੇਦ ਦੇ ਬੀਚਾਰ ਕੀਤਿਆਂ ਉਕਾ ਹੀ ਛੁਟਕਾਰਾ ਨਹੀਂ ਹੁੰਦਾ । ਛੁਟਕਾਰਾ ਹੈ ਤਾਂ ਗੁਰਮਤਿ ਦੁਆਰਾ ਵਾਹਿਗੁਰੂ ਦੀ ਭਗਤੀ ਕੀਤਿਆਂ ਹੁੰਦਾ ਹੈ । ਮਨ ਲਾਇਕੇ ਭਗਤੀ ਕਰੇ ਤਾਂ ਮਨ ਬਾਂਛਤ ਫਲ ਮਿਲਦੇ ਹਨ ।

ਜਹ ਸਰਬ ਕਲਾ ਆਪਹਿ ਪ੍ਰਬੀਨ ।
ਤਹ ਬੇਦ ਕਤੇਬ ਕਹਾ ਕੋਊ ਚੀਨ ।

ਜਿਸ ਤੁਰੀਆਗੁਣ ਵਿਚ ਵਾਹਿਗੁਰੂ ਆਪਣੇ ਆਪ ਨੂੰ ਜਾਨਣਹਾਰਾ (ਪਰਬੀਨਣਹਾਰਾ) ਆਪ ਹੀ ਆਪ ਹੈ ਉਥੇ ਬੇਦ ਕਤੇਬਾਂ ਦਾ ਕੀ ਬਟੀਦਾ ਹੈ ਜੋ ਤਰੈਗੁਣਾਂ ਵਿਚ ਹੀ ਖੇਲ ਰਹੇ ਹਨ ਤਰੈਗੁਣਾਂ ਤੇ ਉਪਰ ਕੁਛ ਨਹੀਂ ਜਾਣਦੇ । ਤਾਂ ਤੇ ਸਿਧ ਹੋਇਆ ਕਿ ਬੇਦ ਕਤੇਬਾਂ ਨੂੰ ਤੁਰੀਆ ਗੁਣ ਅਵਸਥਾ ਦਾ ਉਕਾ ਹੀ ਨ ਪਤਾ ਹੋਣ ਕਰ ਨਿਰੀ ਨਿਰਾਲਮ ਤੁਰੀਆ ਗੁਣ ਅਵਸਥਾ ਵਾਲੇ ਵਾਹਿਗੁਰੂ ਦਾ ਕੀ ਪਤਾ ਹੋ ਸਕਦਾ ਹੈ ਤੁਰੀਆ ਅਵਸਥਾ ਵਿਚ ਖੇਲਦਾ ਹੋਇਆ ਵਾਹਿਗੁਰੂ ਨਿਰੰਕਾਰ ਨਿਰਾਲਮ ਵਾਹਿਗੁਰੂ ਆਪਣੇ ਆਪ ਨੂੰ ਜਾਣ ਪਛਾਣ ਸਕਦਾ ਹੈ । ਉਥੇ ਬੇਦ ਕਤੇਬਾਂ ਦਾ ਕੀ ਮਕਦੂਰ ਹੈ ਕਿ ਇਸ ਤੁਰੀਆ ਗੁਣੀ ਜਾਨਣੀ ਦਾ ਦਮ ਮਾਰ ਸਕਣ ।

ਬੇਦ ਪੁਰਾਨ ਸਿਮ੍ਰਿਤਿ ਮਹਿ ਦੇਖੁ ।
ਸਸੀਅਰ ਸੂਰ ਨਖਤ੍ਰ ਮਹਿ ਏਕ ।
ਬਾਣੀ ਪ੍ਰਭ ਕੀ ਸਭੁ ਕੋ ਬੋਲੈ ।
ਆਪਿ ਅਡੋਲੁ ਨ ਕਬਹੂ ਡੋਲੈ ।*



www.AKJ.Org

# ਸਿਖ ਇਤਿਹਾਸ ਤੇ ਵੈਸਾਖੀ

(ਵਲੋਂ–ਸ੍ਰੀ ਰਾਜਿੰਦਰਪਾਲ 'ਜਿੰਦਲ' ਬਾਗੜੀਆਂ)

ਸਿੱਖ ਇਤਿਹਾਸ ਵਿਚ ਵੈਸਾਖੀ ਅਥਵਾ ਵੈਸਾਖ ਦਾ ਮਹੀਨਾ ਇਕ ਵਿਸ਼ੇਸ਼ ਸਥਾਨ ਰਖਦੇ ਹਨ। ਸਿਖ ਕੌਮ ਦੀਆਂ ਮਹਾਨ ਇਤਹਾਸ ਘਟਨਾਵਾਂ ਜਿਨ੍ਹਾਂ ਨਾਲ ਕੌਮ ਦੀ ਤਕਦੀਰ ਬਣੀ, ਇਸੇ ਮਹੀਨੇ ਵਿਚ ਵਾਪਰਦੀਆਂ ਹਨ। ਕੁਦਰਤ ਦੀ ਅਟੱਲ ਮਰਿਆਦਾ ਅਨਕੂਲ ਸ੍ਰਿਸ਼ਟੀ ਦੇ ਅਰੰਭ ਤੋਂ ਹੀ ਹਰ ਵਰਸ ਮਾਹ 'ਵਿਸਾਖ ਭਲਾ' ਆਉਂਦਾ ਹੈ ਤੇ ਸਾਖਾ ਨੂੰ ਨਵੇਂ ਵੇਸ ਧਾਰਨ ਕਰਾਉਂਦਾ ਹੈ–

ਵੈਸਾਖ ਮਾਹ ਭਲਾ ਸਾਖਾ ਵੇਸ ਕਰੇ।

ਵੈਸਾਖੀ ਦਾ ਮੌਸਮੀ ਤਿਉਹਾਰ ਲੋਕਾਂ ਦੇ ਚਾਵਾਂ, ਮਲ੍ਹਾਰਾਂ ਤੇ ਨਵੀਆਂ ਉਮੰਗਾਂ ਦਾ ਕਾਰਨ ਬਣਿਆ ਚਲਿਆ ਆਉਂਦਾ ਹੈ, ਪਰੰਤੂ ਸੰਮਤ 1756 ਦੀ ਵੈਸਾਖੀ ਦਾ ਇਤਿਹਾਸਕ ਦਿਹਾੜਾ ਸੰਸਾਰ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਰਖਦਾ ਹੈ। ਇਸ ਪਾਵਨ ਦਿਵਸ 'ਪਰਮ ਪੁਰਖ ਕੇ ਦਾਸਾ' ਤੇ ਪ੍ਰਭੂ ਦੇ ਨਿਵਾਜੇ ਸੁਤ ਨੇ ਸੰਸਾਰ ਨੂੰ ਖਾਲਸੇ ਦੇ ਰੂਪ ਵਿਚ 'ਪੂਰਨ ਮਨੁਖ' ਦੀ ਉਹ ਮਹਾਨ ਤੇ ਅਮੁਲੀਕ ਦਾਤ ਦੇਣ ਦਾ ਉਪਕਾਰ ਕੀਤਾ ਸੀ ਜਿਸ ਦੇ ਧਰਮ ਤੇ ਕੇਵਲ ਧਰਮ ਦੀ ਬੁਨਿਆਦ ਉਤੇ ਨਾ ਕੇਵਲ ਧਾਰਮਕ ਸਗੋਂ ਸਮਾਜਕ ਤੇ ਰਾਜਨੀਤਕ ਆਸ਼ਿਆਂ ਤੇ ਆਦਰਸ਼ਾਂ ਨੂੰ ਅਪਣਾਏ ਬਿਨਾਂ ਜਗਤ ਦੀ ਕਲਿਆਨ ਕਦਾਚਿਤ ਸੰਭਵ ਨਹੀਂ। ਕੋਈ ਪੈਗੰਬਰਾਂ ਦੇ ਦਿਨ ਮਨਾਉਂਦਾ ਹੈ, ਕੋਈ ਰਹਿਬਰਾਂ ਦੇ, ਖਾਲਸਾ ਕੌਮ ਦਾ ਜਨਮ ਦਿਨ ਮਨਾਉਂਦਾ ਹੈ। ਇਸ ਦਿਨ ਪੰਥ ਦੇ ਵਾਲੀ ਨੇ ਖੰਡੇ ਦੀ ਧਾਰ ਵਿਚੋਂ ਫ਼ੌਲਾਦੀ ਸਪਿਰਟ ਨੂੰ ਜਨਮ ਦਿਤਾ। ਭਾਰਤੀਆਂ ਦੀ ਕਿਸਮਤ ਨੂੰ ਬਦਲ ਕੇ ਰਖ ਦਿਤਾ। ਸੰਸਾਰ ਇਤਹਾਸ ਵਿਚ ਇਕ ਮਹਾਨ ਪਰੀਵਰਤਨ ਸੀ।

---

*ਨਿਰਗੁਣ ਰੂਪ ਵਾਹਿਗੁਰੂ ਦੀ ਵਿਆਪਕਤਾ ਜੈਸੀ ਸੂਰਜ ਚੰਦ ਤੇ ਤਾਰਿਆਂ ਵਿਚ ਇਕੋ ਜੇਹੀ ਹੈ ਤੈਸੀ ਹੀ ਬੇਦਾਂ ਪੁਰਾਨਾਂ ਸਿਮ੍ਰਿਤੀਆਂ ਸ਼ਾਸਤਰਾਂ ਵਿਚ ਹੈ! ਤਾਂਤੇ ਇਸ ਗੁਰਵਾਕ ਰੂਪੀ ਤੁਕ ਵਿਚ ਬੇਦਾਂ ਪੁਰਾਨਾਂ ਸਿਮ੍ਰਿਤੀਆਂ ਦੀ ਮੰਡਨ ਰੂਪ ਮਹੱਤਤਾ ਨਹੀਂ ਪਾਈ ਜਾਂਦੀ। ਐਵੇਂ ਸਰਸਰੀ ਜ਼ਿਕਰ ਜਿਵੇਂ ਹੋਰ ਰਚਨਾ ਦਾ ਆਇਆ ਹੈ ਤਿਵੇਂ ਏਹਨਾਂ ਦਾ ਭੀ ਆ ਗਿਆ ਹੈ। ਵਾਹਿਗੁਰੂ ਦੀ ਬਾਣੀ ਸਭ ਕੋਈ ਬੋਲਣ ਦਾ ਯਤਨ ਕਰਦਾ ਹੈ ਪਰ ਤੱਤ ਗੁਰਮਤਿ ਬਾਣੀ ਕੋਈ ਨਹੀਂ ਬੋਲ ਸਕਦਾ ਇਹ ਗੁਰੂ ਨਾਨਕ ਸਾਹਿਬ ਦੇ ਘਰ ਨੂੰ ਹੀ ਤੌਫ਼ੀਕ ਹੈ ਜਿਸ ਨੂੰ ਧੁਰੋਂ ਆਈ ਅਕਾਲੀ ਬਾਣੀ ਪਰਾਪਤਿ ਹੋਈ। ਇਸ ਧੁਰ ਦੀ ਆਈ ਮੰਤਰ ਰੂਪ ਗੁਰਬਾਣੀ ਦੁਆਰਾ ਹੀ ਅਕਾਲ ਪੁਰਖ ਵਾਹਿਗੁਰੂ ਪਤੀਜਿਆ ਪਸੀਜਿਆ ਜਾ ਸਕਦਾ ਹੈ ਅਤੇ ਆਕਰਖਣ ਸ਼ਕਤੀ ਦਾ ਸ਼ਕਤੀਸ਼ਰ ਵਾਹਿਗੁਰੂ ਅੰਮ੍ਰਿਤ ਰਸਾਇਣੀ ਆਕਰਖਣੀ ਬਾਣੀ ਗੁਰਬਾਣੀ ਦੁਆਰਾ ਹੀ ਹਲੂਣਿਆ ਜਾ ਸਕਦਾ ਹੈ। ਨਹੀਂ ਤਾਂ ਉਹ ਕਦੇ ਨਹੀਂ ਡੋਲਦਾ ਸਦਾ ਹੀ ਅਡੋਲ ਰਹਿੰਦਾ ਹੈ। ਬੇਦ ਪੁਰਾਨ ਸਿਮ੍ਰਿਤਿ ਆਦਿਕ ਤ੍ਰੈਗੁਣੀ ਬਾਣੀਆਂ ਦੇ ਯਤਨ ਵਾਹਿਗੁਰੂ ਨੂੰ ਰੀਝਾਉਣ ਲਈ ਸਭ ਬਿਰਥੇ ਹੀ ਜਾਂਦੇ ਹਨ।

—o—



www.AKJ.Org

ਵੈਸਾਖੀ ਨਾਲ ਅਨੇਕਾਂ ਇਤਹਾਸਕ ਘਟਨਾਵਾਂ ਜੁੜੀਆਂ ਹਨ । ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ ਤਿੰਨ ਨੂੰ ਹੋਇਆ ਸੀ ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਇਉਂ ਕਰਦੇ ਹਨ :—

ਹੋਵਹਿ ਕੀਰਤਨ ਸਦਾ ਵਸੋਆ ।
ਗੁਰਮੁਖ ਕਲ ਵਿਚ ਪ੍ਰਗਟ ਹੋਆ ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸ਼ੁਭ ਆਗਮਨ ਵੈਸਾਖ ਸੁਦੀ ਇਕ ਸੰਮਤ 1561 ਨੂੰ, ਸ੍ਰੀ ਗੁਰੂ ਅਮਰ ਦਾਸ ਜੀ ਦਾ ਵੈਸਾਖ ਸੁਦੀ 14, 1526 ਨੂੰ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੈਸਾਖ ਵਦੀ 7 ਸੰਮਤ 1620 ਨੂੰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੈਸਾਖ ਵਦੀ 5 ਸੰਮਤ 1678 ਨੂੰ ਹੋਇਆ । ਸੰਮਤ 1756 ਬਿਕਰਮੀ ਦੀ ਵੈਸਾਖੀ ਵਾਲੇ ਦਿਨ ਹੀ ਪੰਜਾਹ ਹਜ਼ਾਰ ਤੋਂ ਵਧ ਗਿਣਤੀ ਦੇ ਇਕੱਠ ਵਿਚ ਕਲਗੀਆਂਵਾਲੇ ਨੇ ਖੰਡਾ ਕੁਲ ਛਤਰੀਆਂ ਅਰਥਾਤ ਖਾਲਸੇ ਦੀ ਸਾਜਨਾ ਕੀਤੀ। ਯਾਰਾਂ ਮਹੀਨੇ ਯਾਰਾਂ ਦਿਨ ਤੇ ਯਾਰਾਂ ਘੜੀਆਂ ਦੀ ਦਿਲਗੀਰ ਅਵਸਥਾ ਵਿਚ ਸੋਚੀ ਸਮਝੀ ਵਿਉਂਤ ਅਨੁਸਾਰ ਇਕ ਦਿਲ ਜ਼ੋਰ ਅਵਸਥਾ ਵਿਚ ਪਰਗਟ ਹੋਏ । ਹੱਥ ਵਿਚ ਨੰਗੀ ਤਲਵਾਰ ਤੇ ਧਰਮ ਲਈ ਸੀਸ ਦੀ ਭੇਟਾ ਮੰਗੀ, ਇਕ ਅਦਭੁਤ ਕੌਤਕ ਸੀ । ਗੁਰਦੇਵ ਜੀ ਇਕ ਵਖਰੇ ਡਰਾਮੈਟਕ ਅੰਦਾਜ਼ ਵਿਚ ਸਟੇਜ ਉਤੇ ਆਏ, ਬਬਰ ਸ਼ੇਰ ਵਾਂਗ ਗਰਜੇ, ਗਰਜ ਸੁਣ ਕੇ ਇਕੱਠ ਵਿਚ ਸੰਨਾਟਾ ਛਾ ਗਿਆ ।

ਗੁਰਦੇਵ ਪਿਤਾ ਜੀ ਦੀ ਗਰਜ ਸੀ—

ਹੈ ਕੋਈ ਸਿਖ ਕਾ ਬੇਟਾ
ਜੋ ਸੀਸ ਕਰੇ ਭੇਟਾ
ਜਲਦੀ ਜਲਦੀ ਆਈਏ
ਅਬੀ ਬਹੁਤ ਸੀਸ ਚਾਹੀਏ ।

ਕਈ ਕਮਜ਼ੋਰ ਦਿਲ ਭਜ ਖਲੋਏ । ਹਜ਼ੂਰ ਨੇ ਜਦ ਤੀਜੀ ਵੇਰ ਆਪਣੀ ਅਲੌਕਿਕ ਮੰਗ ਦੁਹਰਾਈ ਤਦ ਭਾਈ ਦਇਆ ਰਾਮ ਜੀ ਲਾਹੌਰ ਦੇ ਉਠੇ ਤੇ ਗਲ ਵਿਚ ਪੱਲਾ ਪਾ ਕੇ ਜੋਦੜੀ ਕਰਨ ਲਗੇ ਗੁਰੂ ਪਿਤਾ ਜੀ ਇਹ ਸਿਰ ਤਾਂ ਓਸ ਦਿਨ ਤੋਂ ਹੀ ਹਜ਼ੂਰ ਦਾ ਹੋ ਗਿਆ ਹੈ ਜਿਸ ਤੋਂ ਆਪ ਜੀ ਦੇ ਦਸੇ ਮਾਰਗ ਉਤੇ ਦਾਸ ਨੇ ਪੈਰ ਧਰਿਆ ਹੈ । ਇਕ ਨਹੀਂ ਜੇ ਹਜ਼ਾਰ ਸਿਰ ਦੇ ਕੇ ਵੀ ਤੁਹਾਡੀ ਮੇਹਰ ਦਾ ਸਦਕਾ ਤੇ ਤੁਹਾਡੀ ਮੇਹਰ ਦੀ ਇਕ ਨਜ਼ਰ ਪਰਾਪਤ ਹੋ ਜਾਵੇ ਤਦ ਵੀ ਸੌਦਾ ਸਸਤਾ ਹੈ । ਇਸ ਤਰਾਂ ਗੁਰਦੇਵ ਚਾਰ ਵੇਰ ਹੋਰ ਲਹੂ ਨਾਲ ਭਿਜੀ ਹੋਈ ਤਲਵਾਰ ਹਥ ਵਿਚ ਫੜ ਕੇ ਸਿਖਾਂ ਦੇ ਇਤਿਹਾਸਕ ਇਕੱਠ ਵਿਚ ਆ ਕੇ ਭਾਈ ਧਰਮ ਦਾਸ ਦੂਜੀ ਵਾਰ ਮੰਗ ਉਤੇ ਨਿਤਰੇ ਜੋ ਹਸਤਨਾਪੁਰ ਦੇ ਸਨ, ਤੀਜੀ ਮੰਗ ਉਤੇ ਹਿੰਮਤ ਦਾਸ ਜਗਨ ਨਾਥ ਉੜੀਸਾ ਦੇ ਚੋਣ ਵਿਚ ਨਿਤਰੇ,ਚੌਥੀ ਮੰਗ ਉਤੇ ਮੁਹਕਮ ਚੰਦ ਦੁਆਰਕਾ ਗੁਜਰਾਤ ਕਾਠੀਆਵਾੜ ਦੇ ਰਹਿਣ ਵਾਲੇ ਸਨ ਨਿਤਰੇ ਅੰਤਮ ਲਲਕਾਰ ਉਤੇ ਸਾਹਿਬ ਚੰਦ ਬਿਦਰ (ਆਂਧਰਾ ਪ੍ਰਦੇਸ਼) ਦੇ ਉਠ ਖੜੋਏ ਸੀਸ ਭੇਟ ਕੀਤਾ । ਗੁਰੂ ਪਿਤਾ ਜੀ ਪੰਜਾਂ ਨੂੰ ਇਕ ਤੰਬੂ ਅੰਦਰ ਲੈ ਗਏ ਜੋ ਚਾਰੇ ਪਾਸਿਓਂ ਬਿਲਕੁਲ ਬੰਦ ਸੀ । ਲਹੂ ਦੀਆਂ ਧਾਰਾਂ ਬਾਹਰ ਆਈਆਂ। ਆਪੇ ਗੁਰ ਚੇਲਾ ਦਾ ਸਾਂਗ ਵੇਖ ਕੇ ਕਈ ਭੈਭੀਤ ਹੋ ਗਏ । ਗੁਰੂ ਜੀ ਨੇ ਇਸ ਤਰਾਂ ਇਹਨਾਂ ਪੰਜਾਂ ਨੂੰ ਨਵਾਂ ਜੀਵਨ ਦੇ ਕੇ ਪਿਆਰਿਆਂ ਦੀ ਉਚ ਪਦਵੀ ਦਿਤੀ। ਖੰਡੇ ਦੀ ਪਾਹੁਲ ਤਿਆਰ ਕੀਤੀ । ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਫਿਰ ਇਹਨਾਂ ਪੰਜਾਂ ਪਾਸੋਂ ਆਪ ਅੰਮ੍ਰਿਤ ਛਕਿਆ ।

ਇਸ ਤਰਾਂ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਰੀਤ ਚਲਾਈ । ਇਹ ਰੀਤ ਪੰਥ ਖਾਲਸੇ ਨੂੰ ਗੁਰਿਆਈ ਤੇ ਸਮਾਨਤਾ ਦੇਣ ਦੇ ਨਾਲ ਇਸ ਤਰਾਂ ਇਸ ਗਲ ਦੀ ਸੂਚਕ ਸੀ ਕਿ ਸਤਿਗੁਰੂ ਅਗੇ ਲਈ ਵਿਯਕਤੀਗਤ ਗੁਰੂ ਦਾ ਸਿਲਸਲਾ ਖਤਮ ਕਰਨਾ ਚਾਹੁੰਦੇ ਸਨ । ਇਹੋ ਜਿਹੀ ਸੀ ਸੰਮਤ 1756 ਬਿਕਰਮੀ ਦੀ ਇਤਿਹਾਸਕ ਵੈਸਾਖੀ, ਜਦ ਸੰਤ ਸਿਪਾਹੀ 'ਗੁਰੂ ਦੇ ਖਾਸ ਰੂਪ ਖਾਲਸੇ' ਅਥਵਾ ਪੰਥ ਖਾਲਸੇ ਦੀ ਸਿਖ ਇਤਿਹਾਸ ਦੀ ਅਦੁਤੀ ਢੰਗ ਤੇ ਦੀਰਘ ਦ੍ਰਿਸ਼ਟੀ ਨਾਲ ਸਾਜਨਾ ਹੋਈ । ਸਿਖ ਇਤਿਹਾਸ ਦੀ ਅਗਲੀ ਮਹਾਨ ਘਟਨਾ ਹੈ ਦਲ


www.AKJ.Org

ਖਾਲਸੇ ਦਾ ਹੋਂਦ ਵਿਚ ਆਉਣਾ। ਇਹ ਇਤਿਹਾਸਕ ਸਾਜਨਾ ਵੀ ਸੰਮਤ 1805 ਦੀ ਵੈਸਾਖੀ ਨੂੰ ਹੀ ਹੋਈ ਅਤੇ ਇਸ ਨੇ ਭਾਰਤ ਦੇ ਇਤਿਹਾਸ ਦੇ ਨਕਸ਼ੇ ਦੀ ਰੂਪ ਰੇਖਾ ਤੇ ਨੁਹਾਰ ਨੂੰ ਬਦਲ ਕੇ ਰਖ ਦਿਤਾ।

ਪੰਥ ਖਾਲਸਾ ਤੇ ਦਲ ਖਾਲਸੇ ਦੀ ਸਾਜਨਾ ਵਿਚ ਕੋਈ ਪੰਜਾਹ ਕੁ ਵਰੇ ਦਾ ਖੱਪਾ ਹੈ। ਸੰਮਤ 1765 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭੂ ਪਯਾਣੇ ਕਰ ਜਾਣ ਪਿਛੋਂ ਅਠ ਸਾਲ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਫੜੇ ਜਾਣ ਅਤੇ ਸ਼ਹਾਦਤਾਂ ਦਾ ਜਾਮ ਪੀ ਜਾਣ ਉਪਰੰਤ ਸਿਖਾਂ ਉਤੇ ਦੁਖਾਂ ਤਕਲੀਫਾਂ ਦੇ ਉਹ ਉਹ ਪਹਾੜ ਟੁਟੇ ਜਿਸ ਦਾ ਖਿਆਲ ਮਾਤਰ ਹੀ ਦਿਲ ਨੂੰ ਭੈ ਭੀਤ ਕਰ ਦਿੰਦਾ ਹੈ। ਸਿਖ ਇਤਿਹਾਸ ਵਿਚ ਇਹ ਸਮਾਂ ਵਡੀ ਪਰਖ ਦਾ ਸਮਾਂ ਸੀ। ਪਰੰਤੂ ਕੁਦਰਤੀ ਨਿਯਮ ਅਨੁਸਾਰ ਇਸ ਬਿਪਤ ਕਾਲ ਨੇ ਸਮੇਂ ਦਾ ਸਰਦਾਰ ਵੀ ਸਿਖਾਂ ਵਿਚ ਪੈਦਾ ਕਰ ਦਿਤਾ। ਬਿਰਧ ਸਰਦਾਰ ਨਵਾਬ ਕਪੂਰ ਸਿੰਘ ਫਰੁਖਸੀਅਰ ਦੇ ਤਸੀਹਿਆਂ ਭਰੇ ਸਮੇਂ ਤੋਂ ਹੀ ਖਾਲਸੇ ਦੀ ਅਗਵਾਈ ਕਰ ਰਿਹਾ ਸੀ। ਸੰਮਤ 1805 ਦੀ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜੀ ਇਕੱਤਰ ਹੋਏ ਸਿਖਾਂ ਦੇ ਸੱਠ ਕੁ ਜਥਿਆਂ ਨੇ ਸਰਦਾਰ ਕਪੂਰ ਸਿੰਘ ਜੀ ਨੂੰ ਇਸ ਗਲ ਉਤੇ ਰਾਜ਼ੀ ਕਰ ਲਿਆ ਕਿ ਉਹ ਪੰਥਕ ਲਾਭ ਹਿਤ ਉਨ੍ਹਾਂ ਦੇ ਆਗੂ ਬਣਨ ਤਾਂਕਿ ਵੈਰੀ ਦਾ ਟਾਕਰਾ ਜਮ ਕੇ ਕੀਤਾ ਜਾ ਸਕੇ। ਇਸ ਤਰ੍ਹਾਂ ਵੈਸਾਖੀ ਵਾਲੇ ਦਿਨ ਦਲ ਖਾਲਸੇ ਦੀ ਸਥਾਪਨਾ ਹੋਈ। ਇਸ ਦੀ ਜਥੇਦਾਰੀ ਸਰਬ ਸੰਮਤੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪੀ ਗਈ। ਸੰਮਤ 1822 ਦੀ ਵੈਸਾਖੀ ਵਾਲੇ ਦਿਨ ਦਲ ਖਾਲਸੇ ਦੇ ਜਥੇਦਾਰ ਨੇ ਲਾਹੌਰ ਫਤਹਿ ਕਰ ਲਿਆ ਅਤੇ ਖਾਲਸੇ ਦੇ ਜਥੇਦਾਰ ਸ੍ਰੀ ਅੰਮ੍ਰਿਤਸਰ ਇਕੱਤਰ ਹੋਏ ਅਤੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਲਾਹੌਰ ਉਤੇ ਕਬਜ਼ਾ ਕਰ ਲਿਆ ਜਾਵੇ। ਕੇਵਲ ਤਿੰਨ ਸਾਤਿਆਂ ਵਿਚ ਹੀ ਇਸ ਮਤੇ ਨੂੰ ਅਮਲੀ ਸ਼ਕਲ ਦੇ ਦਿਤੀ ਗਈ। ਲਾਹੌਰ ਉਤੇ ਕਬਜ਼ਾ ਕਰ ਕੇ ਖਾਲਸੇ ਨੇ ਆਪਣਾ ਸਿੱਕਾ ਜਾਰੀ ਕਰ ਦਿਤਾ। ਸਿੱਕੇ ਉਤੇ ਉੱਕਰੇ ਸ਼ਬਦ ਇਹ ਸਨ—

ਦੇਗ ਤੇਗ ਫਤਹਿ ਨੁਸਰਤ ਬੇਦਰੰਗ।
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ।

ਸੰਮਤ 1829 ਵਿਚ ਅਬਦਾਲੀ ਦੇ ਮਰਨ ਉਪਰੰਤ ਖਾਲਸੇ ਦਾ ਜ਼ੋਰ ਵਧਣ ਲਗਾ ਅਤੇ ਦਲ ਖਾਲਸਾ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ। ਆਖਰ ਸ਼ੁਕਰਚਕੀਏ ਮਿਸਲ ਦੇ ਸਰਦਾਰ ਰਣਜੀਤ ਸਿੰਘ ਜੀ ਮਿਸਲਾਂ ਦੇ ਵੱਖ ਵੱਖ ਰਾਜਾਂ ਨੂੰ ਇਕ ਰਾਜ ਸਥਾਪਨ ਕਰਨ ਵਿਚ ਸਫਲ ਹੋਏ ਜਿਸਦੀ ਸਾਲਾਨਾ ਆਮਦਨ ਤਿੰਨ ਕਰੋੜ ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਲਾਹੌਰ ਦੇ ਸ਼ਾਹੀ ਕਿਲੇ ਵਿਚ ਵਡਾ ਦਰਬਾਰ ਲਾ ਕੇ ਰਾਜ ਤਿਲਕ ਪਰਾਪਤ ਕਰਨ ਦੀ ਰਸਮ ਲਈ। 1858 ਦੀ ਵੈਸਾਖੀ ਵਾਲਾ ਦਿਨ ਹੀ ਚੁਣਿਆ। ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਤਿਲਕ ਦੇਣ ਦੀ ਰਸਮ ਮੁਕੰਮਲ ਕੀਤੀ। ਇਸੇ ਦਿਨ ਨੂੰ ਪਵਿਤਰ ਸਮਝਦਿਆਂ ਹੋਇਆਂ ਮਹਾਰਾਜੇ ਨੇ ਨਾਨਕ ਸ਼ਾਹੀ ਸਿੱਕਾ ਜਾਰੀ ਕੀਤਾ। ਇਸ ਤਰਾਂ ਖਾਲਸੇ ਦਾ ਜਨਮ ਦਲ ਖਾਲਸੇ ਦੀ ਸਥਾਪਨਾ ਤੇ ਖਾਲਸਾ ਰਾਜ ਦਾ ਅਰੰਭ ਵੈਸਾਖੀ ਵਾਲੇ ਦਿਨ ਤੋਂ ਹੋਇਆ।

ਵੈਸਾਖੀ ਖੇੜਾ ਹੈ, ਖੇੜਾ ਵੈਸਾਖੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਖਾਲਸੇ ਦੀ ਵੈਸਾਖੀ ਉਦੋਂ ਸਫਲ ਹੈ ਜਦੋਂ ਇਸ ਦੀ ਸੁਰਤ ਸ਼ਬਦ ਨਾਲ ਜੁੜ ਜਾਵੇ:—

ਨਾਨਕ ਵੈਸਾਖੀ ਪ੍ਰਭ ਭਾਵੇ
ਸਬਦ ਸੁਰਤ ਮਨ ਮਾਨਾ।

ਪਾਠਕ ਸਜਣਾਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਉਹ ਆਪਣੇ ਚੰਦੇ ਸ਼ੀਘਰ ਭੇਜਣ ਦੀ ਕ੍ਰਿਪਾਲਤਾ ਕਰਨ। ਮੈਨੇਜਰ 'ਸੂਰਾ'


www.AKJ.Org

# ਮਲਾਰ ਦੀ ਵਾਰ ਦੇ ਇਕ ਸ਼ਲੋਕ ਦਾ ਭਾਵਾਰਥ

(ਵਲੋਂ–ਡਾਕਟਰ ਸੇਵਾ ਸਿੰਘ ਜੀ, ਅੰਮ੍ਰਿਤਸਰ)

ਮ: ੧ ॥ ਚਿਲਿ ਮਿਲਿ ਬਿਸੀਆਰ ਦੁਨੀਆ ਫਾਨੀ ।
ਕਾਲੂ ਬਿਅਕਲ ਮਨ ਗੋਰ ਨ ਮਾਨੀ ।
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ ।
ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ ।
ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ ।
ਮਨੁ ਤੁਆਨਾ ਤੂ ਕੁਦਰਤੀ ਆਇਆ ।
ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ ।
ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ।੨।

## ਸ਼ਬਦ ਅਰਥ

੧. ਚਿਲਿ ਮਿਲਿ (ਪੰਜਾਬੀ)–ਐਵੇਂ ਬੇਅਰਥ (ਜਿਸ ਤਰ੍ਹਾਂ ਬੋਲ ਚਾਲ ਵਿਚ ਆਖੀਦਾ ਹੈ। ਕੀ ਚਿਲਿ ਮਿਲਿ ਲਾਇਆ ਜੇ) ਝਿਲਿ ਮਿਲਿ ਝਿਲਿ ਮਿਲਿ ਲਿਸ਼ਕਾਰੇ। ਜਿਸ ਤਰ੍ਹਾਂ ਬਿਜਲੀ ਦੀ ਚਮਕ ਨਾਲ ਖਿਨ ਮਾਤਰ ਲਿਸ਼ਕਾਰੇ ਪੈਂਦੇ ਹਨ ਤੇ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਬਿਜਲੀ ਦੀ ਚਮਕ (ਲਿਸ਼ਕ)

੨. ਬਿਸੀਅਰ (ਫ਼ਾਰਸੀ)– ਬਹੁਤ ਸਾਰੇ, ਬਹੁਤ ਬਹੁਤ, ਬੜੇ।

੩. ਦੁਨੀਆ (ਫ਼ਾਰਸੀ)–ਸਰਿਸ਼ਟੀ, ਸੰਸਾਰ, ਜਹਾਨ।

੪. ਫ਼ਾਨੀ (ਫ਼ਾਰਸੀ)– ਫ਼ਨਾਹ ਹੋ ਜਾਣ ਵਾਲੀ, ਨਾ ਰਹਿਣ ਵਾਲੀ, ਬਿਨਸਨਹਾਰ, ਨਾਸਵੰਤ, ਨਸ਼ਟ ਹੋ ਜਾਣ ਵਾਲੀ।

੫. ਕਾਲੂ (ਅਰਬੀ)– ਕਹਾ, ਆਖਿਆ।

੬. ਬਿਅਕਲ (ਫ਼ਾਰਸੀ– ਮੂਰਖ, ਬੇਸਮਝ, ਮਤਹੀਣ।

੭. ਮਨ (ਪੰਜਾਬੀ)–ਮਨ, ਦਿਲ, ਚਿਤ,ਜੀਅ।

੮. ਗੋਰ (ਫ਼ਾਰਸੀ)–ਕਬਰ, ਜੀਰਾਨ, ਮੁਰਦਾ ਦੱਬਣ ਵਾਲਾ ਟੋਆ।

੯. ਮਾਨੀ (ਪੰਜਾਬੀ)– ਮੰਨੀ, ਮੰਨਣਾ, ਮੰਨਦਾ।

੧੦. ਮਨ (ਫ਼ਾਰਸੀ)– ਮੈਂ, ਇਕ ਬਚਨ ਉੱਤਮ ਪੁਰਸ਼।

੧੧. ਕਮੀਨ (ਫ਼ਾਰਸੀ)– ਘਟੀਆ, ਨਿੱਕਾ, ਪੰਜਾਬੀ ਵਿਚ ਪਰਚਲਤ ਸ਼ਬਦ 'ਕਮੀਣ' ਜੋ ਪਿੰਡ ਦੇ ਮਾਲਕ ਜ਼ਿਮੀਦਾਰਾਂ, ਭੂਮੀਆਂ, ਪੱਤੀਦਾਰਾਂ, ਮਾਲਕਾਂ ਤੋਂ ਬਿਨਾਂ ਦੂਜੇ ਹੋਰ ਬੇਮਾਲਕ ਪਿੰਡ ਵਿਚ ਵੱਸਣ ਵਾਲੇ ਲੋਕਾਂ ਲਈ ਵਰਤਿਆ ਜਾਂਦਾ ਹੈ। ਮਾਲਕ ਦੇ ਮੁਕਾਬਲੇ ਤੇ ਕਮੀਣ ਸ਼ਬਦ, ਨੀਵਾਂ, ਹੇਠਲਾ।

੧੨. ਕਮਤਰੀਨ (ਫ਼ਾਰਸੀ)– ਸਭ ਤੋਂ ਛੋਟਾ, ਘਟੀਆ, ਨਖਿੱਧ, ਨੀਵਾਂ, ਨੀਚ, ਮਾੜਾ।

੧੩. ਦਰੀਆਉ (ਫ਼ਾਰਸੀ)– ਪੰਜਾਬੀ ਵਿਚ ਪਰਚਲਤ ਸ਼ਬਦ ਦਰਿਆ, ਸਦਾ ਬਖ਼ਸ਼ਸ਼ ਕਰਨ ਵਾਲਾ, ਜਿਸ ਤਰ੍ਹਾਂ ਦਰਿਆ ਸਦਾ ਵਗਦਾ ਰਹਿੰਦਾ ਹੈ ਤੇ ਜੀਵ-ਜੰਤਾ ਦੀ ਪਾਲਣਾ ਵਿਚ ਸਹਾਇਕ ਹੁੰਦਾ ਹੈ, ਸਮੁੰਦਰ, ਸਾਗਰ।

੧੪. ਖੁਦਾਇਆ (ਫ਼ਾਰਸੀ)–ਅਕਾਲ ਪੁਰਖ ਵਾਹਿਗੁਰੂ, ਈਸ਼ਵਰ, ਮਾਲਕ, ਪ੍ਰਮਾਤਮਾ, ਪ੍ਰਮੇਸ਼ਰ,



www.AKJ.Org

ਹੇ ਵਾਹਿਗੁਰੂ, ਹੇ ਈਸ਼ਵਰ।

੧੫. ਜਹਰ (ਫ਼ਾਰਸੀ)–ਵਿਸੁ, ਵਿਖੁ, ਬਿਖੁ, ਮਹੁਰਾ, ਜ਼ਹਿਰ, ਮਾਰ ਦੇਣ ਵਾਲਾ, ਹਤਿਆ ਕਰ ਦੇਣ ਵਾਲਾ।

੧੬. ਭਾਇਆ (ਪੰਜਾਬੀ)–ਚੰਗਾ ਲਗਣਾ, ਭਾਉਣਾ, ਸੁਖਾਉਣਾ, ਪਸੰਦ ਆਉਣਾ।

੧੭. ਪੁਰਾਬ (ਫ਼ਾਰਸੀ)–ਪੁਰ (ਭਰਿਆ) ਆਬ (ਪਾਣੀ), ਪਾਣੀ ਨਾਲ ਭਰਿਆ ਹੋਇਆ।

੧੮. ਖ਼ਾਮ (ਫ਼ਾਰਸੀ)–ਕੱਚਾ।

੧੯. ਕੂਜ (ਫ਼ਾਰਸੀ)–ਪੰਜਾਬੀ ਵਿਚ ਪ੍ਰਵਿਰਤ ਪਰਚੱਲਤ ਕੂੰਜਾ, ਪੋਠੋਹਾਰੀ ਬੋਲੀ ਵਿਚ ਡੋਲਾ, ਕੂੰਜੇ ਵਿਚ।

੨੦. ਹਿਕਮਤਿ (ਫ਼ਾਰਸੀ)– ਪੰਜਾਬੀ ਵਿਚ ਪ੍ਰਚਲਤ ਹਿਕਮਤ, ਸਿਆਣਪ।

੨੧. ਮਨ ਤੁਆਨਾ (ਫ਼ਾਰਸੀ)– ਮਨ (ਮੈਂ) ਤੁਆਨਾ (ਤਕੜਾ, ਜ਼ੋਰ ਵਾਲਾ) ਮੈਂ ਤਕੜਾ ਬੜਾ ਜ਼ੋਰ ਵਾਲਾ, ਸ਼ਾਹ-ਜ਼ੋਰ, ਬਲਵੰਤ, ਸੂਰਮਾਂ।

੨੨. ਕੁਦਰਤੀ (ਫ਼ਾਰਸੀ)– ਪਰਮਾਤਮਾਂ ਦੀ ਸ਼ਕਤੀ (ਕੁਦਰਤ, ਤਾਕਤ) ਨਾਲ।

੨੩. ਸਗ (ਫ਼ਾਰਸੀ)–ਕੁੱਤਾ, ਕੂਕਰ।

੨੪. ਦੀਬਾਨ (ਫ਼ਾਰਸੀ)–ਕਚਹਿਰੀ,ਦੀਵਾਨ ਪਰਮਾਤਮਾ ਦਾ ਦਰਬਾਰ, ਸਚਾ ਦਰਬਾਰ, ਸਚੀ ਦਰਗਾਹ।

੨੫. ਮਸਤਾਨਾ (ਫ਼ਾਰਸੀ)– ਮਸਤਿਆ ਹੋਇਆ, ਹਲਕਾ ਹੋਇਆ ਹੋਇਆ, ਪਾਗਲ ਹੋਇਆ, ਉਦਮਾਦੀ, ਸੁੱਧ ਬੁੱਧ ਵਿਸਰੀ ਵਾਲਾ, ਖੀਵਾ ਹੋਇਆ ਅਮਲੀ ਹੋਇਆ ਖ਼ੀਵਾ।

੨੬. ਚੜੇ ਸਵਾਇਆ (ਪੰਜਾਬੀ)– ਬਹੁਤਾ ਚੜ੍ਹਦਾ ਜਾਏ, ਵਧੇਰੇ ਚੜ੍ਹਦਾ ਜਾਏ, ਵਧ ਹੁੰਦਾ ਜਾਏ, ਬਹੁਤਾ ਕੁਦਦਾ ਜਾਏ।

੨੭. ਆਤਸ਼ (ਫ਼ਾਰਸੀ)– ਅੱਗ, ਸਾੜ ਦੇਣ ਵਾਲੀ ਵਸਤੂ, ਮਾਇਆ।

੨੮. ਖੁਨਕ (ਫ਼ਾਰਸੀ)–ਠੰਡਾ, ਸ਼ਾਂਤ, ਸਰਦ, ਸੜਨ ਹਟਾਉਣ ਵਾਲਾ।

# ਪਾਠ ਭੇਦ ਤੇ ਅਰਥ ਵੀਚਾਰ

ਇਸ ਸਲੋਕ ਦੀ ਦੂਜੀ ਤੁਕ (ਪੰਗਤੀ) ਦੇ ਪਹਿਲੇ ਦੋ ਸ਼ਬਦਾਂ ਦਾ ਸ਼ੁਧ ਪਾਠ 'ਕਾਲੂ ਬਿਅਕਲ' ਹੈ ਨਾ ਕਿ 'ਕਾਲੂਬਿ ਅਕਲ', ਜਿਹਾ ਕਿ ਆਮ ਪਦਛੇਦ ਪੋਥੀਆਂ ਤੇ ਸ਼ਬਦਾਰਥ ਵਿਚ ਦਿਤਾ ਹੈ। 'ਸ਼ਬਦਾਰਥ' ਤਥਾ ਖ਼ਾਲਸਾ ਟਰੈਕਟ ਸੋਸਾਇਟੀ ਅੰਮ੍ਰਿਤਸਰ ਵਾਲੇ 'ਸ੍ਰੀ ਗੁਰੂ ਗਰੰਥ ਕੋਸ਼' ਤੇ ਸ: ਬ: ਭਾਈ ਕਾਹਨ ਸਿੰਘ ਹੋਰਾਂ ਦੇ ਰਚਤ 'ਮਹਾਨ ਕੋਸ਼' ਵਿਚ ਇਸ ਸ਼ਬਦ ਦਾ ਪਾਠ 'ਕਾਲੂਬਿ' ਲਿਖ ਕੇ ਇਸ ਨੂੰ ਅਰਬੀ ਸ਼ਬਦ 'ਕਲਬ' ਦਾ ਬਦਬਚਨ ਦੱਸ ਕੇ ਇਸ ਦੇ ਅਰਥ ਬਹੁਤੇ ਦਿਲਾਂ ਦੇ ਦਿਤੇ ਹਨ, ਪਰ ਅਰਬੀ ਬੋਲੀ ਵਿਚ 'ਕਲਬ' ਦਾ ਬਹੁ ਬਚਨ 'ਕਲੂਬ' ਹੈ ਨਾ ਕਿ 'ਕਾਲੂਬ'।

ਕੋਸ਼ਾਂ ਵਾਲੇ ਲਿਖਦੇ ਹਨ ਚੂੰਕਿ ਆਦਮੀ (ਤਥਾ ਹੋਰ ਜਾਨਵਰਾਂ) ਦਾ ਦਿਲ ਲਗ ਭਗ ਤਿਕੋਨ ਸ਼ਕਲ ਦਾ ਹੁੰਦਾ ਹੈ ਤੇ ਆਦਮੀ ਦੀ ਛਾਤੀ ਦੇ ਪਿੰਜਰੇ ਵਿਚ ਇਸ ਤਕੋਨੀ ਦਿਲ ਦੀ ਚੌੜੀ ਬਾਹ ਉਤਾਂਹ ਸਿਰ ਵਲ ਤੇ ਤਿਖੀ ਟੀਸੀ ਹੇਠਾਂ ਪੈਰਾਂ ਵਲ ਹੁੰਦੀ ਹੈ ਇਸ ਕਰਕੇ ਮਨੁਖੀ ਦਿਲ ਨੂੰ ਮਨੁਖ ਦੇ ਸਰੀਰ ਵਿਚ ਪੁਠਾ ਲਟਕਿਆ ਹੋਇਆ ਦੱਸ ਕੇ ਆਮ ਅਰਥ ਕਰਨ ਵਾਲੇ ਗਿਆਨੀਆਂ ਤੇ ਕੋਸ਼ਾਂ ਦੇ ਰਚਨਹਾਰਾਂ ਨੇ 'ਕਾਲੂਬਿ ਅਕਲ' ਦਾ ਅਰਥ ਦਿਤਾ ਹੈ 'ਦਿਲ ਵਾਂਗਰ ਪੁਠੀ ਉਲਟੀ ਮਤਿ ਵਾਲਾ' ਤੇ ਇਸ ਸਾਰੀ ਦੂਜੀ ਪੰਗਤੀ ਦਾ ਅਰਥ ਕਰਦੇ ਹਨ 'ਉਲਟੀ ਮਤਿ ਵਾਲੇ ਮਨੁਖ, ਤੂੰ ਮਨੋਂ 'ਗੋਰ' ਤਥਾ ਕਬਰ ਅਰਥਾਤ ਮੌਤ ਨੂੰ ਨਹੀਂ ਮੰਨਦਾ।' ਜਿਹਾ ਕਿ ਅਗੇ ਚਲ ਕੇ ਸਪਸ਼ਟ ਹੋ ਜਾਏਗਾ ਏਸ ਤੁਕ ਦੇ ਅਰਥ ਇਸ ਤਰਾਂ ਨਾਲ ਇਸ ਸਾਰੇ ਸਲੋਕ ਦੇ ਅਰਥਾਂ ਤੇ ਆਸ਼ੇ ਵਿਚ ਖਾਹ-ਮਖ਼ਾਹ ਬੜਾ ਫ਼ਰਕ ਪੈ ਜਾਂਦਾ ਹੈ ਕਿਉਂਕਿ ਸ਼ਬਦ 'ਕਾਲੂ' ਦਾ ਇਸ਼ਾਰਾ 'ਕੁਰਾਨ ਸ਼ਰੀਫ' ਦੇ ਨੌਵੇਂ ਸਪਾਰੇ ਸੂਰਤ ਇਹਰਾਫ਼ ਦੇ ੨੨ਵੇਂ ਰਕੂਅ ਵਿਚ ਆਈ ਆਇਤ 'ਅਲਿਸਤਤੁਬਿ ਰੱਬਿਕੁਮ: ਕਾਲੂ ਬਲਾ ਸ਼ਹੱਦਨਾ' ਵਲ ਹੈ। ਜਿਸ ਦਾ ਅਰਥ



www.AKJ.Org

ਹੈ 'ਕੀ ਮੈਂ ਤੁਹਾਡਾ ਰਬ [ਉਤਪਤੀ ਕਰ ਕੇ ਪਾਲਣ ਪੋਖਣ ਵਾਲਾ ਪੂਜਯ ਇਸ਼ਟ] ਹਾਂ ?' ਅਗੋ ਮਾਣਸ ਜਾਤੀ ਦੀ (ਰੂਹ) ਆਤਮਾ ਵਲੋਂ ਇਸ ਦਾ ਉਤਰ ਹੈ ਕਹਾ (ਆਖਿਆ) ਹਾਂ ਮੈਂ (ਇਸ ਗਲ ਦੀ ਸਾਖੀ) ਸ਼ਹਾਦਤ ਭਰਦਾ ਹਾਂ (ਕਿ ਤੂੰ ਸਾਡਾ ਰੱਬ ਹੈਂ)।' ਸੂਰਤ ਇਹਰਾਫ ਮੁਸਲਮਾਨੀ ਮੱਤ ਅਨੁਸਾਰ ਬਹਿਸ਼ਤ (ਸੁਰਗ) ਤੇ ਜਹੱਨਮ (ਨਰਕ) ਦੋਹਾਂ ਦੇ ਵਿਚਕਾਰਲੇ ਥਾਂ ਮੁਕਾਮ ਦਾ ਨਾਮ ਹੈ ਜਿਥੇ ਕਿਆਮਤ [ਮਹਾਂ ਪਰਲਉ] ਹੋਣ ਮਗਰੋਂ ਮਨੁਖਾਂ ਦੀਆਂ ਆਤਮਾ ਨੂੰ ਆਪਣੇ ਕਰਮਾਂ ਅਨੁਸਾਰ ਬਹਿਸ਼ਤ ਜਾਂ ਦੋਜ਼ਖ ਵਿਚ ਘਲੇ ਜਾਣ ਤੋਂ ਪਹਿਲਾਂ ਜਾਣਾ ਪੈਂਦਾ ਹੈ, ਤੇ ਇਹ ਉਪਰ ਲਿਖਿਤ ਪ੍ਰਣ [ਸ਼ਹਾਦਤ] ਵੀ ਰੱਬ ਨੇ ਇਸ ਵਾਸਤੇ ਲਿਆ ਪਈ ਤਾਂਕਿ ਕਿਆਮਤ ਹੋਣ ਤੇ ਕੋਈ ਮਨੁਖੀ ਆਤਮਾ ਇਹ ਢੁਚਰ ਨਾ ਡਾਹ ਸਕੇ ਪਈ ਮੈਨੂੰ ਤਾਂ ਪਤਾ ਈ ਨਹੀਂ ਸੀ ਪਈ ਮੇਰਾ ਕਿਹੜਾ ਰੱਬ ਹੈ।

ਮੁਸਲਮਾਨ ਆਲਮਾਂ ਵਿਚ ਇਹ ਇਕ ਮੰਨਿਆ ਪ੍ਰਮੰਨਿਆਂ ਰਿਵਾਜ ਹੈ ਪਈ ਜਿਸ ਥਾਂ ਮੁਕਾਮ ਕਿਤਾਬਤ ਵਿਚ ਇਸ ਆਇਤ ਦਾ ਦ੍ਰਿਸ਼ਟਾਂਤ ਪਰਮਾਣ ਦੇਨਾ ਹੋਵੇ ਉਥੇ ਇਸ਼ਾਰੇ ਮਾਤਰ ਕੇਵਲ ਕਾਲੂ ਜਾਂ ਕਾਲੂ ਬਲਾ ਲਿਖ ਦੇਂਦੇ ਹਨ ਜਿਹਾ ਕਿ ਗੁਜਰਾਂਵਾਲੇ ਦੇ ਪ੍ਰਸਿਧ ਪੰਜਾਬੀ ਕਵੀ ਹਜ਼ਰਤ ਮੌਲਵੀ ਅਬਦੁਲ ਸਤਾਰ ਸਾਹਿਬ, ਪਿੰਡ ਖਾਰੀਆਂ ਵਾਲਾ ਨੇ ਆਪਣੇ ਰਚਤ ਕਿਸੇ 'ਚਰਖਾ ਰੰਗ ਰੰਗੀਲਾ (ਕੱਤਿ ਚਰਖਾ ਸ਼ਾਮ ਮਨਾਵੇਂਗੀ) ਵਿਚ ਵੀ ਇਸ ਗਲ ਵਲ ਇਸ਼ਾਂਰਾ ਕਰਦਿਆਂ ਲਿਖਿਆ ਹੋਇਆ ਹੈ:— ਓਥੇ ਕਾਲੂ ਬਲਾ ਬਤਲਾਇਓ ਈ।

ਇੰਹੁ ਹੋਰ ਤਗਾਦਾ ਪਾਇਓ ਈ।
ਜਬ ਸ਼ਹੁ ਨੇ ਅੰਗ ਨਾ ਲਾਇਓ ਈ।
ਫਿਰ ਕੌਣ ਵਸੀਲਾ ਲਿਆਵੇਂਗੀ।
ਕੱਤਿ ਚਰਖਾ ਸ਼ਾਮ ਮਨਾਵੇਂਗੀ।
ਇਸ ਖੇਡਣ ਤੋਂ ਪਛਤਾਂਵੇਂਗੀ।

ਇਹ ਚਰਖੇ ਦਾ ਕਿਸਾ ਇਸ ਵੀਹਵੀਂ ਸਦੀ ਦੇ ਅਰੰਭ ਵਿਚ ਸ਼ਾਇਦ ੧੯੦੧ ਦੇ ਲਗ ਭਗ ਛਪਿਆ ਸੀ। ਏਸੇ ਤਰਾਂ ਸਾਈਂ ਬੁਲ੍ਹੇ ਸ਼ਾਹ ਨੇ ਵੀ ਵੀ ਆਪਣੀਆਂ 'ਕਾਫੀਆਂ ਵਿਚ 'ਕਾਲੂ ਬਲਾ ਲਿਖ ਕੇ ਏਸੇ ਕੁਰਾਨ ਸ਼ਰੀਫ ਦੀ ਆਇਤ ਵਲ ਇਸ਼ਾਰਾ ਕਰਕੇ ਜੀਵ ਜਗਿਆਸੂ ਨੂੰ ਚੇਤਾਵਨੀ ਕਰਾਈ ਹੈ ਪਈ ਰੱਬ ਦੀ ਬੰਦਗੀ ਕਰੋ। ਸਤਿਗੁਰੂ ਸਮਰਥ ਨੇ ਇਸ ਤਰ੍ਹਾਂ ਨਾਲ ਆਪਣੇ ਪਹਿਲੇ ਜਾਮੇ ਵਿਚ ਇਕ ਬੜੀ ਡੂੰਘੀ ਰਮਜ਼ ਨਾਲ ਇਸ ਸ਼ਲੋਕ ਰਾਹੀਂ ਮੁਸਲਮਾਨ ਜਗਿਆਸੂ ਨੂੰ ਉਪਦੇਸ਼ ਕੀਤਾ ਹੈ ਜਿਹਾ ਕਿ ਇਸ ਤੋਂ ਪਹਿਲੇ ਸ਼ਲੋਕ ਵਿਚ ਵੇਦ ਸ਼ਾਸਤਰਾਂ ਦੇ ਮੰਨਣ ਵਾਲੇ ਜਗਿਆਸੂ ਨੂੰ 'ਸਤਿਗੁਰ ਪੁਰਖ' ਦੇ ਲਛਣ ਦਰਸਾ ਕੇ ਸਤਿਗੁਰੂ ਦੀ ਪਛਾਣ ਕਰਾਈ ਹੈ। ਜਿਸ ਦਾ ਜ਼ਿਕਰ ਇਸ ਤੋਂ ਪਹਿਲੇ ਆਈ ੨੬ਵੀਂ ਪਉੜੀ ਵਿਚ ਆਈ ਤੁਕ 'ਸਤਿਗੁਰ ਬੋਹਿਥੁ ਬੇੜੁ ਸਚਾ ਰਖਸੀ' ਅੰਦਰ ਹੈ। ਇਸ ਸ਼ਲੋਕ ਦੀ ਦੂਜੀ ਤੁਕ 'ਕਾਲੁ ਬਿਅਕਲ ਮਨ ਗੋਰ ਨਾ ਮਾਨੀ' ਦੀ ਰਾਹੀਂ ਮਨੁਖ ਜਾਤੀ ਦੀ ਰੂਹ ਦੇ ਅਕਾਲ ਪੁਰਖ ਨਾਲ ਆਪਣੇ ਇਸ ਸੰਸਾਰਕ ਜਨਮ ਤੋਂ ਪਹਿਲਾਂ ਕੀਤੇ ਕੌਲ ਇਕਰਾਰ [ਪ੍ਰਣ] ਦਾ ਚੇਤਾ ਕਰਾਇਆ ਹੈ।

ਇਸ ਤੋਂ ਪਹਿਲਾਂ ਏਸੇ ਵਾਰ ਦੀ ੨੬ [ਛਬੀਵੀਂ] ਪਉੜੀ ਦੇ ਪਹਿਲੇ ਸ਼ਲੋਕ ਮ: ੧।

ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ।
ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ।

ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਸੰਸਾਰਕ ਮਾਇਆ ਨੂੰ 'ਕਰਮ ਬਿਰਖੁ' ਕਰਮਾਂ ਰੂਪੀ ਰੁਖ (ਦਰੱਖ਼ਤ) ਲਖਾਉਂਦੇ ਹੋਏ ਉਸ ਦੇ ਫਲ 'ਅੰਮ੍ਰਿਤ' ਤੇ 'ਵਿਸੁ' ਦਸਦੇ ਹੋਏ ਸਮਝਾਂਦੇ ਹਨ ਕਿ ਵਾਹਿਗੁਰੂ ਆਪ ਹੀ ਸਾਰੇ ਕਾਰਨ ਕਰਦਾ ਹੈ ਤੇ ਜਿਸ ਉਤੇ ਉਸ ਦੀ ਜਿਹੋ ਜਿਹੀ ਮਿਹਰ ਦੀ ਨਜ਼ਰ ਹੁੰਦੀ ਹੈ ਉਸ ਨੂੰ ਤੈਸਾ ਹੀ ਫਲ 'ਅੰਮ੍ਰਿਤ' ਤਥਾ 'ਵਿਸੁ' ਖਵਾਲਦਾ ਹੈ ਤੇ ਇਸ ਤੋਂ ਅਗਲੇ ਸ਼ਲੋਕ ਮ: ੨।

ਨਾਨਕ ਦੁਨੀਆ ਕੀਆ ਵਡਿਆਈਆ
ਅਗੀ ਸੇਤੀ ਜਾਲਿ।
ਏਨੀ ਜਲਈਂ ਨਾਮੁ ਵਿਸਾਰਿਆ
ਇਕ ਨ ਚਲੀ ਨਾਲਿ।੨।



www.AKJ.Org

ਵਿਚ ਜਣਾਉਂਦੇ ਹਨ ਕਿ ਦੁਨੀਆਂ ਦੀਆਂ ਵਡਿਆਈਆਂ ਨੂੰ ਅੱਗ ਨਾਲ ਸਾੜ ਦੇਵੋ ਕਿਉਂਕਿ ਏਹਨਾਂ ਸੜੀਆਂ (ਮੋਈਆਂ) ਨੇ ਨਾਮੁ ਦਾ ਚੇਤਾ ਭੁਲਾ ਦਿਤਾ ਹੈ [ਵਿਸਾਰ ਦਿਤਾ ਹੈ] ਤੇ ਅੰਤ ਨੂੰ ਏਹਨਾਂ ਵਿਚੋਂ ਇਕ ਵੀ ਨਾਲ ਨਹੀਂ ਚਲਦੀ। ਇਸ ਤੋਂ ਅਗਲੀ ਪਉੜੀ ਰਾਹੀਂ ਗੱਲ ਵਧੇਰੇ ਖੋਲ੍ਹ ਕੇ ਦਸਦੇ ਹੋਏ ਫ਼ਰਮਾਂਦੇ ਹਨ ਕਿ:—

ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ।
ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ।
ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ। ੨੬।

ਸਭ ਦਾ ਸਿਰੋ ਸਿਰੀ (ਵਖੋ ਵਖ) ਹੁਕਮ ਚਲਾਏ ਅਨੁਸਾਰ ਨਿਬੇੜਾ ਹੋਵੇਗਾ। ਹੇ ਵਾਹਿਗੁਰੂ ਨਿਬੇੜਾ ਕਰਨਾ ਤੇਰੇ ਹਥ ਹੀ ਹੈ, ਤੇ ਤੂੰ ਏਂ ਹੀ ਮਨ ਨੂੰ ਭਾਇਆ (ਚੰਗਾ ਲਗਾ) ਹੈਂ। ਜਦੋਂ ਕਾਲ (ਮੌਤ) ਬੰਨ੍ਹ ਚਲਾਏਗਾ ਉਸ ਤੋਂ ਕੋਈ ਬਚਾ (ਰੱਖ) ਨਹੀਂ ਸਕਦਾ। ਜਰੁ [ਬੁਢੇਪਾ ਤੇ] ਜਰਵਾਣਾ [ਮਲਕੁਲ ਮੌਤ, ਧਰਮ ਰਾਜ ਦਾ ਦੂਤ] ਯਮ ਤਥਾ 'ਜਰਾ-ਮਰਾ' ਮੋਢੀਂ [ਕੰਨਿ] ਚੜ੍ਹ ਕੇ ਨਚੇਗਾ। ਪਰ ਸਤਿਗੁਰੂ [ਰੂਪੀ] ਬੋਹਿਥਾ [ਜਹਾਜ਼] ਜੋ ਸਚਾ ਬੇੜਾ ਹੈ [ਓਹ] ਰਖਿਆ ਕਰੇਗਾ। [ਸਤਿਗੁਰੂ ਦੀ ਸਹਾਇਤਾ ਬਿਨਾਂ ਜੀਵ] ਅਗਨਿ [ਅੱਗ] ਦੇ ਭੜਭੜ ਭਖਦੇ ਸਮੁੰਦਰ [ਦੋਜ਼ਖ ਜਹੱਨਮ] ਦਾ ਮਜ਼ਾ–ਸਵਾਦ ਦਿਨੋ ਦਿਨ [ਸਦਾ, ਰਾਤ ਦਿਨ] ਚਖੇਗਾ, ਤੇ ਇਸ ਤਰ੍ਹਾਂ ਨਾਲ ਫਾਥਾ [ਫਸਿਆ] ਹੋਇਆ [ਜੀਵ ਭੜਾ ਭੜ ਭਖਦੇ ਹੋਏ ਅਗਨਿ ਸਾਗਰ ਦੋਜ਼ਖ ਦੇ ਕਸ਼ਟ ਰੂਪ] ਚੋਗਾ ਚੁਗੇਗਾ ਤੇ [ਵਾਹਿਗੁਰੁ–ਅਕਾਲ ਪੁਰਖ ਦੇ] ਹੁਕਮ ਨਾਲ ਇਸ ਤੋਂ ਛੁਟੇਗਾ [ਬਚੇਗਾ]। [ਜੋ ਕੁਝ ਵਾਹਿਗੁਰੂ] ਕਰਤਾ [ਪੁਰਖ] ਕਰੇ ਸੋ ਹੁੰਦਾ ਹੈ ਤੇ ਕੂੜ [ਝੂਠ] ਨਿਖੁਟ ਜਾਏਗਾ [ਉਜਾਗਰ–ਉਘਾ–ਜ਼ਾਹਰ ਹੋ ਜਾਏਗਾ, ਮੁਕ ਜਾਏਗਾ]।

ਹੁਣ ਇਸ ਤੋਂ ਅਗਲੇ ਸ਼ਲੋਕਾਂ ਤੇ ਪਉੜੀ ਦੁਆਰਾ ਸਤਿਗੁਰੂ ਸਚੇ ਪਾਤਸ਼ਾਹੁ ਉਪਰ ਦਰਸਾਏ ਜੀਵ ਨੂੰ ਆਉਣ ਵਾਲੇ ਕਸ਼ਟਾਂ ਦੀ ਨਵਿਰਤੀ ਲਈ ਸਚੇ ਸਤਿਗੁਰੂ ਦੇ ਲੜ ਲਗ ਕੇ ਸ਼ਬਦ [ਨਾਮੁ] ਦੀ ਖੋਜ ਤੇ ਸਿਮਰਨ ਕਰ ਕੇ ਪਹਿਲੇ ਸਲੋਕ ਵਿਚ ਦਸੇ 'ਕਰਮ ਬਿਰਖੁ' ਦੇ 'ਫਲ ਵਿਸੁ' ਤੋਂ ਬਚਣ ਤੇ 'ਫਲ ਅੰਮ੍ਰਿਤ' ਨੂੰ ਪ੍ਰਾਪਤ ਕਰਨ ਦੀ ਬਿਧੀ ਦਰਸਾਂਦੇ ਹਨ।

ਉਤਲੀ [੨੬ਵੀਂ] ਪਉੜੀ ਵਿਚ 'ਸਤਿਗੁਰੂ' ਨੂੰ 'ਸਚਾ ਬੇੜਾ' ਦਰਸਾ ਕੇ ਅਗਲੇ ਸਲੋਕ ਮ: ੧।

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ।
... ... ...
ਸਬਦੁ ਖੋਜ ਇਹੁ ਘਰੁ ਲਹੈ ਨਾਨਕ ਤਾ ਕਾ ਦਾਸੁ।੧।

ਵਿਚ ਸਤਿਗੁਰੂ ਦੇ ਗੁਣ ਤੇ ਲਛਣ ਤੇ ਉਸ ਨਾਲ ਭੇਟ (ਸਪਰਸ) ਹੋਣ ਦੇ ਫਲ ਦਰਸਾਂਦੇ ਹਨ। ਸੋ ਸਤਿਗੁਰੁ ਪੁਰਖੁ ਸੁਜਾਣੁ ਹੈ [ਜੋ ਇਸ ਸਰੀਰ ਰੂਪੀ] ਘਰ [ਦਸਮ ਦੁਆਰੁ] ਅੰਦਰਿ [ਅਸਲੀ ਸਚਾ] ਘਰ [ਜੋਤਿ ਪਰਕਾਸ਼–ਸਚਖੰਡ] ਦਿਖਾ ਦੇਵੇ ਜਿਸ ਦੇ ਲਛਣ ਤੇ ਵਰਨਣ ਅਗਲੀਆਂ ਤੁਕਾਂ ਅੰਦਰ ਦਰਸਾਂਦਿਆਂ ਹੋਇਆਂ ਅੰਤਲੀ ਤੁਕ ਵਿਚ ਆਪ ਜੀ ਨੇ ਫੁਰਮਾਇਆ ਹੈ ਕਿ:—

'ਸਬਦੁ ਖੋਜ ਇਹੁ ਘਰੁ ਲਹੈ ਨਾਨਕ ਤਾਕਾ ਦਾਸੁ।੨।

ਅਜਪਾ ਜਾਪੁ 'ਸਬਦੁ' (ਗੁਰਮੰਤਰ) ਦੀ ਕਮਾਈ ਇਸੁ ਘਰੁ [ਸਚ ਖੰਡੁ] ਨੂੰ ਪ੍ਰਾਪਤ ਕਰਨ ਲਈ ਦ੍ਰਿੜਾਈ ਹੈ।

ਇਸੁ ਤੋਂ ਅਗੇ ਸਲੋਕ ਮ: ੧।
ਮਿਲਿ ਮਿਲਿ ਬਿਸੀਅਰ ਦਨੀਆ ਫਾਨੀ।
ਕਾਲੁ ਬਿਅਕਲ ਮਨ ਗੋਰ ਨ ਮਾਨੀ।
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।
ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ।
ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ।
ਮਨ ਤੁਆਨਾ ਤੂ ਕੁਦਰਤੀ ਆਇਆ।
ਸਗ ਨਾਨਕ ਦੀਵਾਨ ਮਸਤਾਨਾ
ਨਿਤ ਚੜੈ ਸਵਾਇਆ।
ਆਤਸ਼ ਦੁਨੀਆ ਖੁਨਕ ਨਾਮੁ ਖੁਦਾਇਆ।

ਦੁਆਰਾ ਆਪ ਜੀ ਕਤੇਬੀ ਮਤ-ਇਸਲਾਮ ਦੇ ਮੰਨਣ ਵਾਲਿਆਂ ਨੂੰ ਕੁਰਾਨ ਸ਼ਰੀਫ ਵਿਚੋਂ ਦ੍ਰਿਸ਼ਤਾਂਤ ਪਰਮਾਨ ਦੇ ਕੇ 'ਸਬਦ'-ਨਾਮੁ' ਦੀ ਕਮਾਈ ਦੀ ਘਾਲ


www.AKJ.Org

ਘਾਲਣ ਦੀ ਪਰੇਰਨਾ ਕਰਦੇ ਹਨ। ਏਸੇ ਕਾਰਨ ਇਸ ਸਲੋਕ ਵਿਚ ਬਹੁਤੇ ਅਰਬੀ ਫ਼ਾਰਸੀ ਦੇ ਸ਼ਬਦ ਵਰਤੇ ਹਨ ਕਿਉਂਕਿ ਇਸ ਦਾ ਉਪਦੇਸ਼ ਸੁਝਾਉ ਖਾਸ ਕਰ ਮੁਸਲਮਾਨਾਂ ਵਲ ਹੈ:—

ਐ ਪੁਰਸ਼ ਇਸ ਸੰਸਾਰ [ਦੁਨੀਆਂ] ਵਿਚ ਬਿਜਲੀ ਦੀ ਛਿਨ-ਮਾਤਰੀ ਲਿਸ਼ਕਾਂ-ਚਮਕਾਂ ਵਾਂਗਰ ਬਹੁਤਾ ਝਿਲਮਿਲ ਝਿਲਮਿਲ ਹੀ ਹੈ, ਪਰ ਉਂਞ ਇਹ ਸੰਸਾਰ [ਦੁਨੀਆਂ] ਫ਼ਾਨੀ [ਨਾਸ ਹੋ ਜਾਣ ਵਾਲੀ ਵਸਤੂ] ਹੈ। ਤੂ ਅਕਾਲ ਪੁਰਖੁ ਵਾਹਿਗੁਰੂ ਸਿਰਜਣ-ਹਾਰ ਨੂੰ ਆਪਣਾ ਰੱਬ ਮੰਨ ਕੇ ਹੁਣ ਆਪਣੇ ਉਸ ਨਾਲ ਕੀਤੇ ਉਸ (ਅਕਾਲ ਪੁਰਖ ਕਰਤਾਰ) ਨੂੰ ਸਿਮਰਨ ਕਰਨ ਵਾਲੇ ਇਕਰਾਰ [ਬਚਨ] ਨੂੰ ਵਿਸਰ ਗਿਆ ਹੈਂ। ਓਦੋਂ ਐ ਬੰਦੇ [ਮਨੁਖ]। ਤੈ ਆਖਿਆ ਸੀ 'ਕਲੂ ਬਲਾ ਸ਼ਸੱਦਨਾਂ' ਮੈਂ [ਸਾਖੀ ਹੁੰਦਾ ਹਾਂ] ਸ਼ਹਾਦਤ ਭਰਦਾ ਹਾਂ [ਪਈ ਤੂ ਮੇਰਾ ਪੂਜਯ-ਇਸ਼ਟ ਰੱਬ ਹੈਂ] ਤੇ ਬੇਅਕਲ [ਮੂਰਖ]! ਹੁਣ ਮਨ [ਦਿਲ] ਵਿਚ ਗੋਰ-ਕਬਰ [ਵਿਚ ਦੱਬੇ ਜਾਨ ਤਥਾ ਮੌਤ] ਨੂੰ ਨਹੀਂ ਮੰਨਦਾ। [ਸਤਿਗੁਰੂ ਨਾਨਕ ਸਾਹਿਬ ਆਪ ਵਿਸਮਾਦ ਗਤੀ ਵਿਚ ਹੁੰਦੇ ਹੋਏ ਅਗੇ ਅਲਾਉਂਦੇ ਹਨ] ਮੈਂ ਤਾਂ ਕਮੀਣ ਹਾਂ ਤੇ ਓਹਨਾਂ ਕਮੀਣਾਂ ਵਿਚੋਂ ਵੀ] ਸਭ ਤੋਂ ਛੋਟਾ [ਨਖਿਧ] ਹਾਂ। ਐ [ਮੇਰੇ] ਖੁਦਾ [ਪਰਮੇਸ਼ਰ-ਸਿਰਜਣਹਾਰ-ਕਰਤਾਰ-ਵਾਹਿਗੁਰੂ]! ਤੂੰ ਦਰਿਆ [ਸਮੁੰਦਰ ਵਾਂਗਰ ਬਖ਼ਸ਼ਸ਼ ਦੁਆਰਾ ਨਿਹਾਲ ਕਰਨਹਾਰ ਦਾਤਾਰ] ਹੈਂ [ਜਿਸ ਤਰ੍ਹਾਂ ਦਰਿਆ ਵਗੀ ਹੀ ਜਾਂਦਾ ਹੈ ਓਸੇ ਤਰ੍ਹਾਂ ਤੂੰ ਦਾਤਾਂ-ਬਖ਼ਸ਼ਸ਼ਾਂ-ਦੇਈ ਹੀ ਜਾਂਦਾ ਹੈਂ ਆਪਣਾ ਬਿਰਦ ਪਾਲਦਾ ਹੋਇਆਂ ਓਹੀ] ਇਕੁ ਚੀਜ [ਆਪਣੇ ਨਾਮ ਦਾ ਸਿਮਰਨ-ਬੰਦਗੀ] ਮੈਨੂੰ ਦੇਹ [ਜਿਸ ਦਾ ਇਕਰਾਰ ਮੈਂ ਆਪਣੀ ਉਤਪਤੀ ਹੋਣ ਤੇ ਤੇਰੇ ਨਾਲ ਕੀਤਾ ਸੀ] ਹੋਰ [ਸੰਸਾਰ ਦੀਆਂ] ਵਸਤੂ ਜ਼ਹਿਰ ਹਨ, [ਮੈਨੂੰ] ਚੰਗੀਆਂ ਨਹੀਂ ਲਗਦੀਆਂ ਨਹੀਂ ਭਾਉਂਦੀਆਂ। [ਐ ਪਿਆਰੇ ਮੀਆਂ-ਬੰਦੇ! ਇਹ ਸਰੀਰ ਰੂਪੀ] ਕੱਚਾ ਕੁਜਾ ਪਾਣੀ ਦਾ ਭਰਿਆ ਹੋਇਆ ਵਾਹਿਗੁਰੂ ਦੀ ਹਿਕਮਤ [ਸਿਆਣਪ] ਨਾਲ ਕਾਇਮ ਹੈ [ਨਹੀਂ ਤਾਂ 'ਕਾਚੇ ਕਰਵੈ ਰਹੈ ਨ ਪਾਣੀ' [ਇਸ ਸਰੀਰ ਰੂਪੀ ਪਾਣੀ ਦੇ ਭਰੇ ਕੱਚੇ ਕੁਜੇ 'ਚ ਵਸਣ ਵਾਲੇ! ਤੂੰ ਮਾਣ ਕਰਦਾ ਹੈਂ] ਮੈਂ ਬੜਾ ਤਕੜਾ-ਜ਼ੋਰ ਵਾਲਾ-ਬਲਵੰਤ ਹਾਂ, ਪਰ ਤੂੰ ਵਾਹਿਗੁਰੂ ਦੀ ਕੁਦਰਤ-ਸ਼ਕਤੀ ਨਾਲ [ਇਸ ਸਰੀਰ ਰੂਪੀ ਪਾਣੀ ਦੇ ਕੱਚੇ ਕੁਜੇ ਵਿਚ] ਆਇਆ ਹੋਇਆ [ਇਸ ਵਿਚ ਵੱਸ ਰਿਹਾ] ਹੈਂ। [ਤੇ ਭਾਈ ਮੀਆਂ!] ਨਾਨਕ ਤਾਂ [ਉਸ ਸਚੇ] ਦੀਬਾਨ-ਅਕਾਲ ਪੁਰਖ-ਵਾਹਿਗੁਰੂ ਦੀ ਦਰਗਾਹ ਦਾ ਹਲਕਾ (ਬਾਵਲਾ) ਮਸਤਾਨਾ ਹੋਇਆ ਕੁਤਾ ਹੈ ਤੇ ਇਹ ਲੋਚਦਾ ਹੈ ਪਈ ਏਹੁ [ਅਕਾਲ ਪੁਰਖ ਵਾਹਿਗੁਰੂ ਨੂੰ ਰੋਮ ਰੋਮ-ਸਵਾਸ ਸਵਾਸ ਸਿਮਰਨ ਦਾ ਹਲਕੁ] ਨਿਤ ਚੜ੍ਹੈ ਸਵਾਇਆ—ਸਦਾ ਬਹੁਤਾ ਹੀ ਚੜ੍ਹਦਾ [ਕੁਦਦਾ] ਜਾਏ। [ਕਉਂਕਿ] ਦੁਨੀਆਂ ਅੱਗ ਹੈ [ਤੇ ਵਾਹਿਗੁਰੂ] ਖ਼ੁਦਾ ਦਾ ਨਾਮੁ ਠੰਡਾ [ਸ਼ਾਂਤੀ ਠੰਡ ਪੌਣ ਵਾਲਾ ਹੈ ਯਥਾ ਗੁਰਵਾਕ ਹੈ:—

ਚੰਦਨੁ ਚੰਦੁ ਨ ਸਰਦ ਰੁਤਿ ਮੂਲ ਨ ਮਿਟਈ ਘਾਮ।
ਸੀਤਲ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।

ਇਹ ਸਲੋਕ ਦਵਾਰਾ ਸਤਿਗੁਰੂ ਨਾਨਕ ਦੇਵ ਨੇ ਕੁਰਾਨ ਸ਼ਰੀਫ਼ ਵਿਚ ਆਏ ਇਸ ਬੰਦੇ ਦੇ ਰੱਬ ਨਾਲ ਕੀਤੇ ਇਕਰਾਰ [ਪ੍ਰਣ] ਦਾ ਤੇ ਮੌਤ ਦਾ ਚੇਤਾ ਕਰਾਂਦਿਆਂ ਇਸ ਸੰਸਾਰ ਨੂੰ ਬਿਜਲੀ ਦੇ ਖਿਨ-ਮਾਤ੍ਰ ਲਿਸ਼ਕਾਰੇ ਨਿਆਈਂ ਦਸਦਿਆਂ, ਕਰਤਾਰ ਪਾਸੋਂ ਸਿਮਰਨ ਦੀ ਦਾਤ ਮੰਗਦਿਆਂ, ਮਨੁਖ ਦੇ ਕੀਤੇ ਪ੍ਰਣ ਨੂੰ ਤੋੜ ਨਿਬਾਉਣ ਲਈ ਅਰਦਾਸ ਕੀਤੀ ਹੈ ਤੇ ਮਨੁਖ ਨੂੰ ਵੀ ਇਸ ਕੰਮ [ਪ੍ਰਣੰ] ਨੂੰ ਪੂਰਾ ਕਰਨ ਦਾ ਉਪਦੇਸ਼ ਦੇ ਪਰੇਰਨਾ ਕੀਤੀ ਹੈ। ਪੰਚਮ ਪਾਤਸ਼ਾਹ ਨੇ ਏਹਨਾਂ ਸਲੋਕਾਂ ਦੇ ਅਰਥ ਵਧੇਰੇ ਸਪਸ਼ਟ ਕਰਨ ਹਿਤ ਨਵੀਂ ਪਉੜੀ ਉਚਾਰਨ ਕਰ ਕੇ ਏਹਨਾਂ ਨਾਲ ਵਿਦਮਾਨ ਕੀਤੀ ਹੈ ਤੇ ਇਹ ਅਗਲੀ ਪਉੜੀ ਵਿਚ 'ਸਤਿਗੁਰੂ', ਫੇਰ ਸਤਿਗੁਰੂ ਦੀ ਦਿਆਲਤਾ ਨਾਲ ਪ੍ਰਾਪਤ ਹੋਏ 'ਸ਼ਬਦ' ਦੀ ਕਮਾਈ ਦੇ ਫਲ ਦਸਦੇ ਹਨ।

ਪਉੜੀ ਨਵੀ ਮ: ੫।

ਸਭੋ ਵਰਤੈ ਚਲਤੁ ਚਲਤੁ ਵਖਾਣਿਆ।
ਪਾਰਬ੍ਰਹਮ ਪਰਮੇਸਰੁ ਗੁਰਮੁਖਿ ਜਾਣਿਆ।



www.AKJ.Org

ਲਥੇ ਸਭ ਵਿਕਾਰ ਸਬਦਿ ਨੀਸਾਣਿਆ ।
ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ।
ਸਿਮਰਿ ਸਿਮਰਿ ਦਾਤਾਰ ਸਭਿ ਰੰਗ ਮਾਣਿਆ ।
ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ।
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ।
ਨਾਨਕ ਲਏ ਮਿਲਾਏ ਖਸਮੈ ਭਾਣਿਆ ।੨੭।

[ਏਹੁ] ਸਭੋ [ਸਮੂਹ ਸੰਸਾਰ ਵਾਹਿਗੁਰੂ ਅਕਾਲ ਪੁਰਖ ਦਾ ਖੇਲ] ਚਲਤ [ਚਰਿਤਰ] ਵਰਤ ਰਿਹਾ ਹੈ ਤੇ ਚਲਤ [ਖੇਲ]-ਚਰਿਤਰ [ਈ] ਵਖਾਇਆ ਹੈ। ਪਾਰਬ੍ਰਹਮ ਪਰਮੇਸ਼ਰ ਗੁਰੂ [ਤੋਂ] ਦੁਆਰਾ ਜਾਣਿਆ ਹੈ। 'ਸ਼ਬਦ' ਨਾਮੁ ਦੀ ਮੋਹਰ ਛਾਪ ਲਗਣ ਨਾਲ ਸਭਿ ਵਿਕਾਰ [ਖੋਟ] ਲੱਥ ਗਏ ਹਨ। ਦਾਤਾਰ ਵਾਹਿਗੁਰੂ ਨੂੰ ਸਿਮਰਿ ਸਿਮਰਿ ਕੇ ਸਭਿ ਰੰਗ [ਸਵਾਦ] ਮਾਣੇ ਹਨ। (ਵਾਹਿਗੁਰੂ] ਦੀ ਮਿਹਰ ਦਾ ਸਾਇਆ ਸਭਿ ਸੰਸਾਰ ਵਿਚ ਪਰਗਟ ਹੋਇਆ ਹੈ। [ਮੈਂ] ਸਦ ਕੁਰਬਾਣੇ ਹੋਵਾਂ (ਸੌ ਵਾਰੀ ਵਾਰਿਆ ਜਾਵਾਂ) [ਓਹ ਅਕਾਲ ਪੁਰਖ] ਆਪੇ ਬਖ਼ਸ਼ ਕੇ ਮਿਲਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਜਿਹੜੇ ਉਸ ਵਾਹਿਗੁਰੂ ਨੂੰ ਭਾਉਂਦੇ-ਚੰਗੇ ਲਗਦੇ ਹਨ ਉਹ ਉਹਨਾਂ ਨੂੰ ਆਪੇ ਮਿਲਾ ਲੈਂਦਾ ਹੈ।

ਇਸ ਤੋਂ ਅਗਲੇ ਸਲੋਕ ਮ: ੧।

ਧੰਨ ਸੁ ਕਾਗਦੁ ਕਲਮ ਧੰਨ ਧਨੁ ਭਾਂਡਾ ਧਨੁ ਮਸੁ ॥
ਧਨ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ । ੧।
ਮ: ੧ । ਆਪੇ ਪਟੀ ਕਲਮ ਆਪਿ
ਉਪਰਿ ਲਖੁ ਭਿ ਤੂੰ।
ਏਕੋ ਕਹੀਏ ਨਾਨਕਾ ਦੂਜਾ ਕਾਹੇ ਕੂ ।੨।
ਪਉੜੀ ਤੂੰ ਆਪੇ ਆਪਿ ਵਰਤਦਾ
ਆਪਿ ਬਣਤ ਬਣਾਈ।
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ।
ਤੇਰੀ ਗਤਿ ਮਿਤਿ ਤੂ ਹੈ ਜਾਣਦਾ
ਤੁਧੁ ਕੀਮਤਿ ਪਾਈ।
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ।
ਅੰਤਰਿ ਅਗਿਆਨੁ ਦੁਖੁ ਭਰਮ ਹੈ
ਗੁਰ ਗਿਆਨਿ ਗਵਾਈ।
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ
ਸੋ ਨਾਮ ਧਿਆਈ।
ਤੂ ਕਰਤਾ ਪੁਰਖੁ ਅਗੰਮ ਹੈ ਰਵਿਆ ਸਭ ਠਾਈ।
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਾਗੈ
ਨਾਨਕ ਗੁਣ ਗਾਈ। ੨੮।

ਸਤਿਗੁਰੂ ਸਾਹਿਬ ਨਾਮੁ ਦੇ ਲਿਖਾਰੀ ਤੇ ਉਸ ਦੇ ਇਸ ਨਾਮੁ ਨੂੰ ਲਿਖਣ ਵਿਚ ਸਹਾਇਕ ਹੋਣ ਵਾਲੀਆਂ ਵਸਤੂ ਧੰਨਤਾ ਯੋਗ ਦਸਦੇ ਹੋਏ ਇਕੋ ਅਕਾਲ ਪੁਰਖ ਦਾ ਸਿਮਰਨ ਦ੍ਰਿੜਾ ਕੇ ਅਕਾਲ ਪੁਰਖੁ ਵਾਹਿਗੁਰੂ ਦੀ ਵਡਿਆਈ ਕਰਦੇ ਤੇ ਗੁਰਮਤਿ ਤੇ ਗੁਰੂ ਨਾਲ ਭੇਟ ਹੋਣ ਦੇ ਫਲ ਦਸਕੇ ਅੰਤਮ ਤੁਕ ਵਿਚ ਅਰਦਾਸ ਕਰਦੇ ਹਨ, ਹੇ ਸਚਿਆ (ਵਾਹਿਗੁਰੂ) ਜਿਥੇ ਤੂ ਲਾਵਹਿ ਓਥੇ ਈ ਕੋਈ ਲਗਦਾ ਹੈ, ਨਾਨਕ ਤੇਰੇ ਗੁਣ ਗਾਉਂਦਾ ਹੈ।

—o—

## ਭਾਈ ਸਾਹਿਬ ਦੀ ਯਾਦ ਹਿਤ ਕਾਲਕਾ ਵਿਖੇ ਕੀਰਤਨ ਸਮਾਗਮ

ਭਾਈ ਨੌਹਰੀਆ ਸਿੰਘ ਜੀ ਕਾਲਕਾ ਸੂਚਨਾ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਕਾਲਕਾ ਵਲੋਂ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ 18 ਅਪ੍ਰੈਲ ਰਾਤ ਨੂੰ ਗੁ: ਸਿੰਘ ਸਭਾ ਕਾਲਕਾ ਵਿਖੇ ਰੈਣ ਸਬਾਈ ਕੀਰਤਨ ਹੋਏ। ਭੋਗ ਸਮੇਂ ਭਾਈ ਸਾਹਿਬ ਨਰਸੀ ਭਗਤ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਜੀਵਨ ਤੇ ਰੌਸ਼ਨੀ ਪਾਈ। 'ਸੰਤ ਕੀ ਮਿਤ੍ਰਾਈ' ਦੀਆਂ ਘੁਮਰਾਂ ਪਈਆਂ।


www.AKJ.Org

# ⇚ ਮਨ ਖਿੜਿਆ ਹਰਿਆ ਬਾਗ ⇛

(ਵਲੋਂ–ਗਿਆਨੀ ਦਲਜੀਤ ਸਿੰਘ ਜੀ 'ਕਮਲ' ਬੇਗਮਪੁਰਾ, ਦਿਲੀ)

ਆਹ ! ਵਾਹ !! ਵਾਹ !!! ਪਿਆਰ ਦੀਆਂ ਵੀ ਅਜੀਬ ਹੀ ਖੇਲਾਂ ਹਨ ਇਹ ਸਿਕਾਂ ਜਿਹਨਾਂ ਹਿਕਾਂ ਦੇ ਅੰਦਰ ਵਾਸ ਕਰ ਲੈਣ ਉਹਨਾਂ ਦੀਆਂ ਤਾਂਘਾਂ ਤੇ ਪਿਆਰਾਂ ਦੇ ਜਜ਼ਬੇ ਇਕ ਦਿਨ ਮਿਲਾਪ ਦੀਆਂ ਘੜੀਆਂ ਨੇੜੇ ਲੈ ਹੀ ਆਉਂਦੀਆਂ ਹਨ ਨਾਲੇ ਪ੍ਰਮਾਰਥਿਕ ਪਾਂਧੀਆਂ ਦੀਆਂ ਇਹ ਪਿਆਰ ਮੁਹੱਬਤਾਂ ਤੇ ਬਹੁਤ ਨਿਰਾਲੀਆਂ ਹੀ ਹਨ ਗੁਰਮਤਿ ਗਾਡੀ-ਰਾਹ ਤੇ ਚਲਣ-ਹਾਰ ਹੀ ਖੁਲ-ਦਿਲੀ ਬਾ ਸਬੂਤ ਦੇ ਸਕਦੇ ਹਨ ਇਹਨਾਂ ਦੇ ਵੀ ਹਵਾ, ਪਾਣੀ ਵਾਂਗ ਆਪਾ-ਵੰਡਣ ਦੇ ਅਨੇਕ ਗੁਣ ਤੇ ਚਮਤਕਾਰ ਹੁੰਦੇ ਹਨ ਕਿਉਂਕਿ ਗੁਰਸਿਖੀ ਦੀ ਮੰਜ਼ਲ ਦੀ ਪ੍ਰਾਪਤੀ ਹੀ ਇਸੇ ਵਿਚ ਲੈ ਕੇ ਆਪਾ-ਭਾਵ ਤਿਆਗ ਕੇ ਨਿਤਾ ਪਰਤੀ ਗੁਰਮੁਖਿ ਗੁਰਸਿਖਾਂ ਸੰਤ ਜਨਾਂ ਦੀ ਸੰਗਤ-ਅੰਦਰ ਮੁਖ ਜੋੜੈ ਭਾਵ ਮਿਲਾਪ ਕਰੇ ਸੰਗਤਿ ਵਿਚ ਮਾਖਿਓਂ ਦੀਆਂ ਮਖੀਆਂ ਵਾਂਗ ਜੁੜ ਬੈਠੇ ਤੇ ਸ਼ਬਦ-ਸੁਰਤ ਵਿਚ ਲੀਨ ਹੋ ਕੇ ਅੰਤਰ-ਆਤਮੇਂ ਅੰਦਰੋਂ ਅੰਮ੍ਰਿਤ-ਰਸ ਪੀਵੇ ਸੁਕੇ-ਸੜੇ ਤਨ, ਮਨ ਨੂੰ ਸਰ-ਸਬਜ਼ ਕਰੇ ਫਿਰ ਸਦੀਵੀ ਹਰਿਆਲੀ ਆ ਮੱਲਦੀ ਹੈ ਜੋ ਵੀ ਸੁਕਦੀ ਕਮਲਾਂਦੀ ਨਹੀਂ ਜਦੋਂ ਬਾਗ ਦਾ ਮਾਲੀ ਸਚਾ ਸਾਹਿਬ ਕੰਤ ਕਰਤਾਰ ਆ ਜਾਵੇ ਫ਼ਿਰ ਹੀ ਮੰਨ ਖਿੜਿਆ ਹਰਿਆ ਬਾਗ ਦੀ ਅਵਸਥਾ ਪਰਾਪਤ ਹੁੰਦੀ ਹੈ ਇਸ ਹੈਰਾਨਗੀਆਂ ਭਰੀ ਵਾਰਤਾਲਾਪ ਨਿਰਾਲੀ ਦਾਸਤਾਨ ਪੇਸ਼ ਕਰਦਾ ਹਾਂ ਆਸ ਹੈ ਪਾਠਕਾਂ ਨੂੰ ਬਹੁਤ ਅਨੰਦ ਆਵੇਗਾ।

ਗਿਆਨ ਦਾ ਤਮਾਸ਼ਾ ਤੇ ਵੈਰਾਗ ਅੰਦਰ ਹਾਸਾ। ਇਹ ਵੀ ਇਕ ਨਿਰਾਲੀ ਜਿਹੀ ਘਟਨਾ ਆਪ ਜੀ ਦੇ ਸਾਹਮਣੇ ਆ ਰਹੀ ਹੈ ਹਾਂ ਜੀ ਇਹ ਖ਼ਿਆਲ ਨਹੀਂ ਸਗੋਂ ਸਚੀ ਮਿਸਾਲ ਪੇਸ਼ ਕਰਨ ਲਗਾ ਹਾਂ ਮੇਰੇ ਪਰਮ ਮਿਤਰ ਗੁਰਸਿਖ ਵੀਰ ਭ: ਸ: ਮੋਹਨ ਸਿੰਘ ਜੀ ਪੁਣਛ ਦੇ ਇਲਾਕੇ ਦੇ ਜਮ-ਪਲ ਜੋ ਪਹਿਲਾਂ ਬੀ. ਐਸ. ਟੀ. ਵਿਚ ਬੰਬਈ ਬਸ ਡਰਾਈਵਰ ਸਨ ਤੇ ਫਿਰ ਟੈਕਸੀ ਚਲਾਂਦੇ ਰਹੇ ਤੇ ਅਜ ਕਲ ਸਾਡੀ ਪਿਆਰੀ ਧਰਤੀ ਸਰ-ਸਬਜ਼ ਫੁਲ-ਬੂਟਿਆਂ ਨਾਲ ਮੌਲ ਰਹੀ ਸ੍ਰੀ ਨਗਰ ਕਸ਼ਮੀਰ ਵਿਚ ਵਾਸ ਕਰਕੇ ਜੀਵਨ ਬਤੀਤ ਕਰ ਰਹੇ ਹਨ ਇਹਨਾਂ ਦੇ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਜੀ ਦੀ ਬਹੁਤ ਗੁਰੂ ਘਰ ਦੇ ਸ਼ਰਧਾਲੂ ਤੇ ਨੇਮੀ ਪਰੇਮੀ ਹਨ ਇਸ ਗੁਰਮੁਖ ਪਰੀਵਾਰ ਨਾਲ ਮੇਰੇ ਬੜੇ ਨੇੜੇ ਦੇ ਸਬੰਧ ਰਹੇ ਹਨ ਭਾਈ ਮੋਹਨ ਸਿੰਘ ਵੈਸੀ ਕਿਰਤ ਕਰਦੇ ਹੋਏ ਭੀ ਗੁਰਸਿਖੀ ਦਾ ਨਮੂਨਾ ਹਨ ਇਹਨਾਂ ਨਾਲ ਅਕਸਰ 1952 ਦੇ ਦਿਨਾਂ ਵਿਚ ਰੋਜ਼ ਹੀ ਪਰੇਮ ਮਿਲਣੀ ਹੁੰਦੀ ਰਹਿੰਦੀ ਸੀ ਇਹਨਾਂ ਨਾਲ ਮੇਰੀ ਹੋਈ ਗਲ ਬਾਤ ਨੂੰ ਪਾਠਕ ਜਨੋ ਧਿਆਨ ਨਾਲ ਪੜੋ। ਇਹ ਵੀਰ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਹੈ ਪਰ ਹੈ ਬਹੁਤ ਸੂਝਵਾਨ ਗੁਰਸਿੱਖੀ ਦੀ ਕਦਰ ਕਰਨ ਵਾਲੇ ਗੁਝੇ ਰੁਸਤਮ ਕਿਸੇ ਨੂੰ ਥੋੜੇ ਕੀਤਿਆਂ ਪਤਾ ਨਹੀਂ ਲਗਣ ਦੇਂਦੇ ਕਿ ਕਿਹੜੇ ਰੰਗਾਂ ਵਿਚ ਹਨ ਉਹਨਾਂ ਦੀ ਤੇ ਦਾਸ ਦੀ 'ਪਿਆਰ' ਮਿਲਣੀ ਅਕਸਰ ਰੋਜ਼ ਹੋ ਹੀ ਜਾਇਆ ਕਰਦੀ ਸੀ, ਉਹ ਮੇਰੇ ਪ ਸੋਂ ਕੁਝ ਨਾ ਕੁਝ ਪੁਛਦੇ ਰਹਿੰਦੇ ਦਾਸ ਉਹਨਾਂ ਪਾਸੋਂ। ਇਕ ਦਿਨ ਦਾਸਰੇ ਨਾਲ ਬੜਾ ਪਿਆਰ ਕੀਤਾ, ਗਲਵਕੜੀ ਵਿਚ ਲੈ ਕੇ



www.AKJ.Org

ਪੁਛਣ ਲਗੇ, ਸੁਣਾ ਬਈ ਵੀਰ ਦਲਜੀਤ ਸਿੰਘ ਕਿਵੇਂ ਅਜ ਕਲ ਬੀਤਦੀ ਹੈ। ਜੇ ਤੁਸੀਂ ਅਜ ਕੋਈ ਆਪਣਾ ਵਧੀਆ ਤੋਂ ਵਧੀਆ ਉਦਾਹਰਣ ਦੇ ਕੇ ਹਾਲ ਦਸੋਗੇ ਤੇ ਮੈਂ ਫਿਰ ਇਕ ਹੈਰਾਨ ਕਰਨ ਵਾਲੀ ਘਟਨਾ ਹੱਡ-ਬੀਤੀ ਸੁਣਾਵਾਂਗਾ। ਮੇਰੇ ਮਨ ਅੰਦਰ ਲਾਲਚ ਆ ਗਿਆ, ਵੈਸੇ ਤੇ ਭਾਵੇਂ ਚੁਪ ਹੀ ਕਰ ਰਹਿੰਦਾ ਪਰ ਉਹਨਾਂ ਵਲੋਂ ਸੁਣਨ ਦੀ ਚਾਹ ਰਖ ਕੇ ਦਾਸ ਨੇ ਜ਼ਿਕਰ ਕੀਤਾ ਮੇਰੀ ਗਲ ਪਾਠਕਾਂ ਨੂੰ ਹਸਾਵੇਗੀ ਤੇ ਭਾਈ ਮੋਹਨ ਸਿੰਘ ਪੁਣਛ ਵਾਲਿਆਂ ਦੀ ਅਸਚਰਜ ਕਰੇਗੀ ਕਿ ਕਿਵੇਂ ਗੁਰਸਿੱਖ ਮਾਇਆ ਵਿਚ ਉਦਾਸ ਰਹਿ ਕੇ ਆਪਣੇ ਜੀਵਨ ਨੂੰ ਉਚਿਆਂ ਲੈ ਜਾਂਦਾ ਹੈ। ਅਸੀਂ ਦੋਵਾਂ ਵੀਰਾਂ ਨੇ ਬਾਣੀ ਗੁਰਬਾਣੀ ਦੀ ਕੋਈ ਵੀ ਤੁਕ ਯਾਦ ਕਰਨੀ, ਫਿਰ ਕੋਸ਼ਸ਼ ਕਰਨੀ ਕਿ ਪੂਰਨ ਅਭਿਆਸ ਕਰ ਕੇ ਇਸ ਮਹਾਂਵਾਕ ਨੂੰ ਜੀਵਨ ਵਿਚ ਢਾਲ ਕੇ ਦੇਖੀਏ ਕਿਉਂਕਿ ਅਰਸ਼ੀ ਬਾਣੀ ਅੰਦਰ ਆਏ ਹੁਕਮ ਸਾਰੇ ਹੀ ਅਟੱਲ ਹਨ ਸੋਲਾਂ ਨਹੀਂ ਸਗੋਂ ਸਤਾਰਾਂ ਆਨੇ ਸਚੀਆਂ ਸਚਾਈਆਂ ਦਰਜ ਹਨ ਬਸ ਕੇਵਲ ਸਾਡੇ ਫ਼ਰਜ਼ ਹਨ ਕਿ ਖੋਜ ਕਰੀਏ। ਦਾਸ ਨੇ ਫ਼ਰੀਦ ਦਾ ਸਲੋਕ ਪਕੜਿਆ—

ਫ਼ਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।
ਕੰਨੀ ਬੁਜੇ ਦੇ ਰਹਾ ਕਿਤੀ ਵਗੇ ਪਉਣੁ।

ਫ਼ਰੀਦ ਜੀ ਤੇ ਇਹ ਕਥਨ ਕਰਦੇ ਹਨ ਕਿ ਪਦਾਰਥਾਂ ਦੇ ਲਬ ਕਰਕੇ ਇਹ ਤਨ ਤਾਂ ਨਿਤਾ ਪ੍ਰਤੀ ਕੁੱਤੇ ਵਾਂਗ ਭੌਂਕਦਾ ਹੈ ਬਸ ਨਹੀਂ ਕਰਦਾ, ਮੁੜ ਮੁੜ ਤ੍ਰਿਸ਼ਨਾਲੂ ਹੋਇਆ ਭੌਂਕਦਾ ਹੀ ਰਹਿੰਦਾ ਹੈ ਇਸ ਨਕੰਮੇ ਸਰੀਰ ਦੇ ਮਗਰ ਲਗ ਕੇ, ਨਿਤਾ ਪ੍ਰਤ ਕੌਣ ਦੁਖੀ ਹੋਵੇ, ਕਿਉਂਕਿ ਇਸ ਦੀ ਇਕ ਨਹੀਂ ਸਗੋਂ ਕਿਤਨੀਆਂ ਹੀ ਮੰਗਾਂ ਹਨ ਸਧਾਰਨ ਮੰਗਾਂ ਨਹੀਂ ਬਲਕਿ ਵਿਸ਼ੇ ਵਾਸ਼ਨਾ ਪਉਣ ਰੂਪ ਬਣ ਕੇ ਮੁੜ ਮੁੜ ਅੰਦਰ ਆਉਂਦੀਆਂ ਹਨ ਇਹਨਾਂ ਨੂੰ ਰੋਕਣ ਲਈ ਇਹ ਚਾਹੀਦਾ ਹੈ ਕਿ ਜੀਵ ਆਪਣੇ ਕੰਨਾਂ ਵਿਚ ਵੈਰਾਗ, ਵਿਵੇਕ ਅਤੇ ਸਮ-ਦਮ ਰੂਪ ਬੁੱਜੇ ਦੇ ਕੇ ਲੋਭੀ ਤੇ ਲਾਲਚੀ ਤਨ ਮਨ ਤੇ ਕਾਬੂ ਪਾਏ ਤੇ ਸੇਵਕ ਸੁਰਖ਼ਰੂ ਬਣ ਕੇ ਪਾਪਾਂ ਦੇ ਭਾਰ ਤੋਂ ਬਚਿਆ ਰਹੇ, ਪਰ ਤੁਹਾਡੇ ਲੇਖਕ ਨੇ ਕੁਝ ਟਪਲਾ ਖਾ ਲਿਆ ਸਮਝਿਆ ਕਿ ਇਹ ਵਾਸ਼ਨਾਵਾਂ ਤੇ ਲਬ ਲੋਭ ਦੀਆਂ ਲਹਿਰਾਂ ਤੋਂ ਸ਼ਾਇਦ ਕੰਨ ਬੰਦ ਕਰ ਲੈਣ ਨਾਲ ਰੋਕ ਥਾਮ ਪੈ ਸਕਦੀ ਹੈ ਜਿਵੇਂ ਅਨਜਾਣ ਬਚਾ ਵਡਿਆਂ ਦੇ ਸਾਹਮਣੇ ਚਾਲਾਕੀ ਤੇ ਹੁਸ਼ਿਆਰੀ ਕਰਨ ਦੀਆਂ ਉਕਤਾਂ-ਯੁਕਤਾਂ ਕਰਦਾ ਹੈ ਪਰ ਲਹਿਣੇ ਦੀਆਂ ਦੇਣੀਆਂ ਪੈ ਜਾਂਦੀਆਂ ਹਨ ਇਸੇ ਤਰਾਂ ਦਾਸ ਚੰਚਲ ਮਤ ਬਾਰਕ ਬਪਰੇ ਦੀ ਵਾਂਗ ਬੜਾ ਉਛਲਿਆ ਤੇ ਖ਼ਿਆਲ ਕੀਤਾ ਇਹ ਕਿਹੜੇ ਪਾਪੜ ਵੇਲਣੇ ਨੇ ਇਹ ਜੋ ਫ਼ਰੀਦ ਜੀ ਨੇ ਵਡਾ ਫ਼ਲਸਫ਼ਾ ਲਿਖਿਆ ਹੈ ਇਹ ਕਿਹੜੀ ਔਖੀ ਗੱਲ ਏ। ਬਿਲਡਿੰਗ ਦੇ ਉਪਰੋਂ ਉਤਰ ਵਾਹੋ ਦਾਹੀ ਸਰਪੱਟ ਦੌੜ ਪਿਆ। ਉਹਨਾਂ ਦਿਨਾਂ ਵਿਚ ਸਾਡਾ ਰਸਤਾ ਵੀ ਵਧੀਆ ਜਰਨੈਲੀ ਸੜਕ ਸੀ ਜਿਸ ਵਿਚ ਮਣਾਂ ਮੂੰਹੀਂ ਪੱਥਰ ਪਏ ਹੋਏ ਸਨ। ਦਾਸ ਕਈ ਵਾਰੀ ਇਸ ਗਲੀ ਵਿਚੋਂ ਡਿਗਦਾ ਮਸਾਂ ਬਚਿਆ, ਫਿਰ ਵੀ ਕਈ ਠੋਕਰਾਂ ਲਗ ਹੀ ਗਈਆਂ ਪਰ ਆਪਣੇ ਮਨੋਰਥ ਦੀ ਪੂਰਤੀ ਲਈ ਇਕ ਜਨਰਲ ਸਟੋਰ ਤੇ ਪੁਜ ਕੇ ਹਫ਼ੇ ਦਫ਼ੇ ਨੇ ਕਿਹਾ ਕਿ ਛੇਤੀ ਨਾਲ ਮੈਨੂੰ ਵਧੀਆ ਰੂ ਨਵੀਂ ਨਕੋਰ ਦੇਵੋ ਜੋ ਡਾਕਟਰ ਪੱਟੀ ਕਰਨ ਵੇਲੇ ਵਰਤਦੇ ਹਨ ਉਹ ਚਾਹੀਦੀ ਏ, ਉਸ ਨੇ ਪੈਸੇ ਲਏ ਬਿਨਾਂ ਦੇਰ ਦੇ ਰੂੰ ਹਥ ਫੜਾਈ। ਮੁੜਦੀ ਚਾਲੇ ਫਿਰ ਆ ਗਿਆ। ਇੰਜ ਦੌੜ ਭੱਜ ਹੋ ਰਹੀ ਸੀ ਕਿ ਫ਼ਰੀਦ ਜੀ ਦੀ ਇਸ ਗਲ ਦਾ ਤਜਰਬਾ ਅਜ ਹੀ ਕਰ ਲੈਣਾ ਹੈ ਇਹ ਖ਼ਿਆਲ ਨਹੀਂ ਕੀਤਾ ਕਿ ਇਸ ਸਲੋਕ ਦਾ ਕਰਤਾ 36 ਸਾਲ ਦੁਖਾਂ ਭੁਖਾਂ ਕੱਟ ਕੇ ਵੀ ਸ਼ਾਇਦ ਮਨ ਤੇ ਕਾਬੂ ਨਾ ਪਾ ਸਕਿਆ ਹੋਵੇ ਤੇ ਤੂੰ ਕਿਹੜੇ ਬਾਗ ਦੀ ਮੂਲੀ ਏਂ, ਇਹ ਗੱਲਾਂ ਏਡੀਆਂ ਸੌਖੀਆਂ ਨਹੀਂ ਜਿਨੀਆਂ ਕੁ ਸਮਝ ਬੈਠਾ ਏਂ। ਖ਼ੈਰ ਇਹ ਤੇ ਸਿਆਣਪ ਦੀਆਂ ਗੱਲਾਂ ਹਨ ਮੈਂ ਭਾਵੇਂ ਵਿਆਹਿਆ ਵਰਿਆ ਸਾਂ, ਪਰ ਇਸ ਸਬਕ ਵਲੋਂ ਅਨਜਾਣ ਬਣ ਗਿਆ। ਕਿਸੇ ਵੇਲੇ ਸਿਆਣਾ-ਚਤਰ ਅਖਵਾਣ ਵਾਲਾ ਆਦਮੀ ਨਿਕੇ ਤੋਂ ਨਿਕੇ ਬਾਲ ਨਾਲੋਂ ਵੀ ਵਡੀ ਗ਼ਲਤੀ ਕਰ ਬੈਠਦਾ ਹੈ। ਬਸ


www.AKJ.Org

ਆ ਕੇ ਨਵਾਬਾਂ ਵਾਂਗ ਘਰ ਵਾਲੀ ਨੂੰ ਹੁਕਮ ਕੀਤਾ ਭਲੀਏ ਲੋਕੇ, ਅਜ ਅਸਾਂ ਫ਼ਰੀਦ ਭਗਤ ਬਣ ਕੇ ਦਸਨਾ ਹੈ ਉਹ ਵਿਚਾਰੀ ਵੀ ਹੈਰਾਨ ਪਰੇਸ਼ਾਨ ਕਿ ਏਡੀ ਛੇਤੀ ਇਹ ਫ਼ਰੀਦ ਜੀ ਕਿਵੇਂ ਬਣ ਜਾਣਗੇ। ਅਜੇ ਕੁਝ ਕਹਿਣ ਵਾਲੀ ਹੀ ਸੀ ਕਿ ਅਸਾਂ ਬੜੇ ਰੋਹਬ ਨਾਲ ਫਿਰ ਕਿਹਾ ਚੰਗਾ ਬਈ ਛੇਤੀ ਕਰ ਇਕ ਆਪਣਾ ਹਥਿਆਰ ਦੇਹ ਅਜ ਤਨ ਮਨ ਨਾਲੋਂ ਜੁਦਾ ਕਰਕੇ ਵੇਖੀਏ, ਉਹ ਅਜੇ ਵੀ ਸੋਚ ਰਹੀ ਸੀ ਕਿ ਅਜ ਪਤੀ ਜੀ ਹੋਰਾਂ ਨੂੰ ਹੋ ਕੀ ਗਿਆ ਹੈ। ਦਾਸ ਨੇ ਕਿਹਾ ਕੀ ਪਈ ਵੇਖਦੀ ਏਂ ਸਵੈਟਰ ਬਣਾਣ ਵਾਲੀਆਂ ਸਲਾਈਆਂ ਲੈ ਆ। ਵਿਚਾਰੀ ਨੂੰ ਪੈ ਗਈ ਹਫੜਾ ਦਫੜੀ, ਕਹਿੰਦੀ ਜੀ ਇਕ ਸਲਾਈ ਮਿਲੀ ਹੈ, ਮੈਂ ਕਿਹਾ ਛੇਤੀ ਕਰ ਲੈ ਆ, ਬਸ ਇਸੇ ਤੋਪ ਨਾਲ ਹੀ ਮੋਰਚਾ ਫ਼ਤਹਿ ਹੋ ਜਾਵੇਗਾ ਰੂੰ ਤੇ ਸਲਾਈ ਤਿਆਰ ਕਰ ਕੇ ਕਿਹਾ ਕਿ ਮੇਰੇ ਕਮਰੇ ਵਿਚੋਂ ਤੂੰ ਦੂਸਰੇ ਕਮਰੇ ਵਿਚ ਚਲੀ ਜਾਹ ਉਹ ਵਿਚਾਰੀ ਚੁਪ ਕਰ ਕੇ ਕੰਨ ਵਲੇਟਦੀ ਦੂਜੇ ਪਾਸੇ ਚਲੀ ਗਈ ਤੇ ਅਸੀਂ ਲਗ ਪਏ ਫ਼ਰੀਦ ਜੀ ਦੇ ਹੁਕਮ ਦੀ ਪਾਲਣਾ ਕਰਨ ਹਥ ਵਿਚ ਚਿਟੀ ਸਫ਼ੇਦ ਰੂੰ ਪਕੜਕੇ ਦੋਹਾਂ ਕੰਨਾਂ ਵਿਚ ਪਾਣੀ ਸ਼ੁਰੂ ਕੀਤੀ ਜਿਸ ਵੇਲੇ ਅਗੇ ਨਾ ਜਾਵੇ ਫਿਰ ਸਲਾਈ ਨਾਲ ਧਕਣੀ ਸ਼ੁਰੂ ਕੀਤੀ ਸਮਝ ਲਓ ਜਿਵੇਂ ਗੋਲਾ ਹਥ ਨਾਲ ਦੂਰ ਨਹੀਂ ਜਾਂਦਾ ਤੇ ਤੋਪ ਦੇ ਮੂੰਹ ਨਾਲ ਬਨ ਕੇ ਸੁਟਣ ਨਾਲ ਕਾਫੀ ਧਰਤੀ ਪਾਰ ਕਰਕੇ ਦੂਰ ਜਾ ਮਾਰ ਕਰਦਾ ਹੈ ਤੇ ਮੋਰਚਾ ਫ਼ਤਹਿ ਹੋਣ ਦੀ ਆਸ ਬਝ ਜਾਂਦੀ ਹੈ ਆਪਾਂ ਵੀ ਇਹੋ ਦਾ ਖੇਡਿਆ ਕਿ ਜਿਥੇ ਹਥਾਂ ਨਾਲ ਰੂੰ ਨਹੀਂ ਪੁਜੇਗੀ ਉਥੇ ਸਵੈਟਰ ਦੀ ਸਲਾਈ ਤੇ ਅਵਸ਼ ਪਹੁੰਚਾ ਦੇਵੇਗੀ ਸਚ ਜਾਣੋਂ ਕਿ ਜਦੋਂ ਤਕ ਰਗਾਂ ਦੇ ਅੰਦਰ ਤਕ ਰੂੰ ਨਾ ਪਹੁੰਚਿਆ ਸਿਲਸਲਾ ਚਾਲੂ ਹੀ ਰਖਿਆ ਜਿਸ ਵੇਲੇ ਬਾਹਰ ਦੀਆਂ ਅਵਾਜ਼ਾਂ ਗਲਾਂ ਬਾਤਾਂ ਖੜਕਾ ਦੜਕਾ ਸ਼ੋਰ ਸ਼ਰਾਬਾ ਸੁਣਨਾ ਬੰਦ ਹੋ ਗਿਆ ਦਾਸ ਨੇ ਸਮਝਿਆ ਕਿ ਬਸ ਜੀ ਹੁਣ ਤੇ ਕੰਮ ਬਣ ਗਿਆ ਬਸ ਇਹੋ ਗਲ ਸੀ ਜਿਸ ਨੂੰ ਫ਼ਰੀਦ ਜੀ ਕਹਿ ਗਏ ਹਨ ਇਸ ਤਰਾਂ ਮੋਰਚਾ ਬੰਦੀ ਕਰ ਕੇ ਕਈ ਘੰਟੇ ਸਿਮਰਨ'ਚ ਬੈਠੇ ਹੋਇਆਂ ਅਨੰਦ ਤੇ ਬੜਾ ਆਇਆ ਪਰ ਕੰਨਾਂ ਦੀਆਂ ਨਸਾਂ ਨੂੰ ਨਾਨੀ ਚੇਤੇ ਆ ਗਈ। ਆਖਿਰ ਫਿਰ ਇਹ ਸਿਲਸਲਾ ਰੋਜ਼ ਹੀ ਚਾਲੂ ਹੋ ਗਿਆ ਨੇਤੀ ਧੋਤੀ ਕਰਮ ਕਾਂਡੀਆਂ ਵਾਂਗ ਰੂੰ ਭਰ ਲੈਣੀ ਤੇ ਕਢ ਲੈਣੀ ਕੰਮ ਤੋਂ ਘਰ ਆ ਕੇ ਬਸ ਇਹੋ ਖੇਲ ਖੇਲਦੇ ਰਹਿਣਾ ਪਤਾ ਨਹੀਂ ਕੀ ਅਹੰਕਾਰ ਆਇਆ ਜਾਂ ਸਚੇ ਪਾਤਸ਼ਾਹ ਨੇ ਇਸ ਪਾਸੇ ਤੋਂ ਮੋੜਨਾ ਸੀ ਥੋੜੇ ਦਿਨਾਂ ਬਾਹਦ ਚੰਗਾ ਤਕੜਾ ਬੁਖ਼ਾਰ ਚੜਨ ਲਗ ਪਿਆ ਤੇ ਵੈਰਾਗ ਐਸਾ ਕਿ ਚੜੇ ਬੁਖਾਰ ਵੀ ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਗਰੰਥ ਜੀ ਦੀ ਹਜ਼ੂਰੀ ਅੰਦਰ ਘੰਟਿਆ ਬੱਧੀ ਬੈਠੇ ਰਹਿਣਾ ਇਕ ਕੰਨ ਅੰਦਰ ਬਹੁਤ ਦਰਦ ਸ਼ੁਰੂ ਹੋ ਗਈ। ਡਾਕਟਰ ਨੂੰ ਦਸਣ ਤੇ ਪਤਾ ਲਗਾ ਕਿ ਨਵੇਂ ਫਰੀਦ ਜੀ ਦੀ ਸਾਹ ਰਗ ਦੇ ਅੰਦਰ ਤਕ ਇਕ ਰੂੰ ਦਾ ਟੁਕੜਾ ਜਾ ਚੁਕਾ ਹੈ। ਜੋ ਨਾ ਅਗੇ ਜਾ ਰਿਹਾ ਹੈ ਨਾ ਪਿਛੇ ਇਹ ਸਾਰੀ ਦਰਦ ਉਸੇ ਦੀ ਹੈ ਡਾ: ਸਾਹਿਬ ਬੜੇ ਲਾਇਕ ਤੇ ਸਿਆਣੇ ਸਨ। ਉਹਨਾਂ ਬੜੀ ਮੁਸ਼ਕਲ ਨਾਲ ਥੋੜਾ ਥੋੜਾ ਕਰਕੇ ਰੂੰ ਸਾਰਾ ਕਢਿਆ ਕੰਨਾਂ ਵਿਚਲੇ ਜ਼ਖਮਾਂ ਨੂੰ ਠੀਕ ਕੀਤਾ ਤਾਂ ਜਾ ਕੇ ਕਿਤੇ ਠੀਕ ਸੁਣਨ ਲਗਾ ਇਹ ਜੋ ਵੀ ਹੋਇਆ ਹੈ ਸਭ ਕੁਝ ਅਣਭੋਲ ਸੀ ਪਰ ਜਦੋਂ ਇਹ ਗਲ ਮੋਹਣ ਸਿੰਘ ਜੀ ਹੋਰਾਂ ਸੁਣੀ ਬੜੇ ਹੈਰਾਨ ਹੋਏ ਕੇ ਇਨਾਂ ਕਸ਼ਟ ਚੁਪ ਚੁਪਾਤੇ ਸਹਾਰਦੇ ਰਹੇ ਹੋ ਮੈਂ ਕੇਹਾ ਜੀ ਨਵੀਂ ਫ਼ਕੀਰੀ ਤੇ ਦੁਪਹਿਰੇ ਧੁੰਵੇਂ ਵਾਲੀ ਗਲ ਹੈ ਕਿ ਪਤਾ ਲਗੇ ਸੰਤ ਜੀ ਬੈਠੇ ਹਨ ਅਸਾਂ ਵੀ ਕੇਹਾ ਕੇ ਛੇਤੀ ਹੀ ਫਰੀਦ ਬਣ ਜਾਈਏ ਪਰ ਭਾਈ ਧੰਨ ਸਨ ਬਾਬਾ ਫਰੀਦ ਜੀ ਧੰਨ ਉਹਨਾਂ ਦੀਆਂ ਕਮਾਈਆਂ ਅਸੀਂ ਜੰਤ ਵੀਚਾਰੇ ਕੀ ਹਾਂ ਚੰਗਾ ਵੀਰ ਜੀ ਹੁਣ ਤੁਸੀਂ ਦਸੋ ਕਹਿੰਦੇ ਚੰਗਾ ਫਿਰ ਸਾਡੀ ਵੀ ਅਜ਼ਮਾਈ ਹੋਈ ਗਲ ਸੁਣ ਲਵੋ ਸਾਡੇ ਗਲ ਅੰਦਰ ਬਹੁਤ ਵੈਰਾਗ ਦੀਆਂ ਕਾਂਗਾਂ ਚੜ ਆਈਆਂ। ਗੱਡੀ ਦਾ ਸਟੇਰਿੰਗ ਹਥ ਵਿਚ ਹੋਣ ਦੇ ਬਾਵਜੂਦ ਭੀ ਸਚੇ ਸ ਹਿਬ ਦੀ ਬਾਣੀ ਪੜਨੀ ਤੇ ਨਾਮ ਨਾਲ ਬਿਰਤੀ ਜੋੜੀ ਰਖਣੀ



www.AKJ.Org

ਇਕ ਦਿਨ ਐਸਾ ਭਾਗਾਂ ਵਾਲਾ ਆਇਆ ਕਿ ਬੜੇ ਵੈਰਾਗ ਨਾਲ ਸਜਲ ਨੇਤਰਾਂ ਨਾਲ ਉਚੀ ਉਚੀ ਇਹ ਸ਼ਬਦ ਪੜ੍ਹਦੇ ਜਾ ਰਹੇ ਸਾਂ—

ਸਲੋਕ ਮ: ੪ (ਬਿਲਾਵਲ ਕੀ ਵਾਰ)
ਹਰਿ ਉਤਮੁ ਹਰਿ ਪ੍ਰਭੁ ਗਾਵਿਆ
ਕਰਿ ਨਾਦੁ ਬਿਲਾਵਲੁ ਰਾਗੁ ।
ਉਪਦੇਸੁ ਗੁਰੂ ਸੁਣਿ ਮੰਨਿਆ
ਧੁਰਿ ਮਸਤਕਿ ਪੂਰਾ ਭਾਗੁ ।
ਸਭ ਦਿਨਸੁ ਰੈਣਿ ਗੁਣ ਉਚਰੈ
ਹਰਿ ਹਰਿ ਹਰਿ ਉਰਿ ਲਿਵਲਾਗੁ ।
ਸਭੁ ਤਨੁ ਮਨੁ ਹਰਿਆ ਹੋਇਆ
ਮਨੁ ਖਿੜਿਆ ਹਰਿਆ ਬਾਗੁ ।
ਅਗਿਆਨੁ ਅੰਧੇਰਾ ਮਿਟਿ ਗਇਆ
ਗੁਰ ਚਾਨਣੁ ਗਿਆਨੁ ਚਰਾਗੁ ।
ਜਨੁ ਨਾਨਕੁ ਜੀਵੈ ਦੇਖਿ ਹਰਿ
ਇਕ ਨਿਮਖ ਘੜੀ ਮੁਖਿ ਲਾਗੁ ।੧।

ਕਹਿੰਦੇ—ਮਨੁ ਖਿੜਿਆ ਹਰਿਆ ਬਾਗੁ । ਇਥੇ ਆ ਕੇ ਅਟਕਾ ਪੈ ਗਿਆ, ਬਸ ਇਕ ਸਟਾਪ ਤੇ ਖੜੀ ਹੋਈ ਤੇ ਗੁਰਮੁਖਿ ਬ੍ਰਹਮੁ ਵੀਚਾਰ ਇਹ ਐਸੀ ਸਫੁਰਨ ਹੋਈ ਸਭ ਤਨ ਮਨ ਦੇ ਅੰਦਰ ਹਰਿਆਵਲ ਆ ਗਈ, ਇਸ ਤਰ੍ਹਾਂ ਹੋ ਗਿਆ ਮਾਨੋਂ ਹਰਿਆ ਭਾਗਾਂ ਭਰਿਆ, ਇਕ ਦੋ ਬੂਟੇ ਨਹੀਂ ਬਾਗ਼ ਹੀ ਖਿੜ ਗਿਆ ਹੈ । ਕੰਡਕਟਰ ਨੇ ਘੰਟੀ ਵਜਾਈ ਬਸ ਤੋਰੀ ਤੇ ਰੰਗ ਢੰਗ ਹੀ ਹੋਰ ਹੋ ਗਏ, ਸਟੇਰਿੰਗ ਦਾ ਰੰਗ ਹਰਾ ਦਿਸਣ ਲਗਾ ਤੇ ਫਿਰ ਪਿਛੇ ਬਸ ਵਿਚ ਝਾਤੀ ਮਾਰੀ ਸਾਰੀ ਬਸ ਹੀ ਹਰੀ ਭਰੀ ਨਜ਼ਰ ਆਈ, ਕਹਿੰਦੇ ਅਸੀਂ ਸੋਚਿਆ ਸ਼ਾਇਦ ਗੁਰੂ ਦੇ ਸ਼ਬਦ ਦੀ ਵੀਚਾਰ ਦਾ ਅਸਰ ਹੋਵੇਗਾ ਪਰ ਜਦੋਂ ਬਾਹਰਵਾਰ ਦੇਖਿਆ ਤੇ ਗਲੀਆਂ ਬਜ਼ਾਰ ਸਾਰੇ ਹੀ ਹਰਿਆਵਲ ਭਰਪੂਰ ਨਜ਼ਰ ਆਵਣ ਇਸੇ ਅਨੰਦਮਈ ਨਜ਼ਾਰੇ ਵਿਚ ਬਸ ਕੋਲਾਬਾ ਪਹੁੰਚੀ ਜਦੋਂ ਬਸ ਤੋਂ ਥਲੇ ਉਤਰੇ ਤੇ ਸਾਰੀ ਧਰਤੀ ਤੇ ਉਪਰ ਹਰਿਆਵਲ ਅਕਾਸ਼ ਭੀ ਹਰਾ ਭਰਾ ਨਜ਼ਰ ਆਇਆ, ਰੋਮ ਰੋਮ ਅੰਦਰ ਹਰਿਆਵਲ ਹੀ ਹਰਿਆਵਲ ਪਈ ਦਿਸੇ, ਕਹਿੰਦੇ ਉਹ ਦਿਨ ਬਹੁਤ ਭਾਗਾਂ ਵਾਲਾ ਸੀ ਜਿਸ ਦਿਨ ਇਹ ਖੇੜਾ ਖਿੜਿਆ ਸਹੁ-ਅੰਵਣੇ ਆਇਆ ਪਰ ਇਹ ਸੋਹਾਵਣੀਆਂ ਘੜੀਆਂ ਛੇਤੀ ਹੀ ਅਲੋਪ ਹੋ ਗਈਆਂ ਜੋ ਮੁੜ ਫਿਰ ਕਦੇ ਪਰਾਪਤ ਨਹੀਂ ਹੋਈਆਂ ਇੰਜ ਆਖ ਕੇ ਫੁਟ ਫੁਟ ਰੋ ਪਏ ਜਿਵੇਂ ਕਿਸੇ ਨੂੰ ਭਾਰੀ ਸਦਮਾ ਮਹਿਸੂਸ ਹੋ ਰਿਹਾ ਹੋਵੇ । ਉਹਨਾਂ ਦੇ ਵੈਰਾਗ ਨੂੰ ਤਕ ਦਾਸ ਦੇ ਨੇਤਰਾਂ ਵੀ ਛਮਾ ਛਮ ਝੜੀਆਂ ਲਾ ਦਿਤੀਆਂ ਤੇ ਉਹਨਾਂ ਦੇ ਕਹਿਣ ਤੇ ਫਿਰ ਇਕ ਦਿਨ ਸਤਿਗੁਰੂ ਦੀ ਗੋਦ ਵਿਚ ਬੈਠਿਆਂ ਖ਼ਿਆਲ ਆਇਆ, ਬਾਣੀ ਦੀ ਕਲਾ ਵਰਤੀ, ਉਹ ਅਗਲੇ ਪਰਚੇ ਵਿਚ ਜ਼ਿਕਰ ਕਰਾਂਗਾ । ਪਾਠਕ ਜਨੋਂ ਇਹ ਸਭ ਪ੍ਰੇਮ ਦੀਆਂ ਖੇਡਾਂ ਹਨ । ਜੋ ਸਚੇ ਸਾਹਿਬ ਦੇ ਅਖਾੜੇ ਅੰਦਰ ਆ ਹਾਜ਼ਰ ਹੁੰਦੇ ਹਨ ਉਹਨਾਂ ਦੀ ਉਪਰੋਕਤ ਅਵਸਥਾ ਸੁਤੇ ਹੀ ਬਣ ਜਾਂਦੀ ਹੈ ।

## ੩੦, ੩੧ ਮਈ ਸਰਸਾ ਵਿਖੇ ਅਖੰਡ ਕੀਰਤਨ ਸਮਾਗਮ

ਸਰਬਤ ਗੁਰ ਸੰਗਤਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਸ਼ਹਿਰ ਸਰਸਾ (ਹਿਸਾਰ) ਵਿਖੇ ੩੦ ਮਈ ੧੯੭੦ ਨੂੰ ਇਤਿਹਾਸਕ ਗੁਰਦੁਆਰਾ ਚੀਲ੍ਹਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ ਅਤੇ ਸ਼ਾਮ ਨੂੰ ਗੁ: ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ ਅਰੰਭ ਹੋਵੇਗਾ ਜਿਸ ਦੀ ਸਮਾਪਤੀ ੩੧ ਮਈ ਸਵੇਰੇ ਹੋਵੇਗੀ । ਅਖੰਡ ਕੀਰਤਨੀ ਜਥਾ ਪਟਿਆਲਾ, ਲੁਧਿਆਣਾ, ਚੰਡੀਗੜ੍ਹ ਅਤੇ ਦਿਲੀ ਵਲੋਂ ਪ੍ਰਵਾਨਗੀ ਪੁਜ ਚੁਕੀ ਹੈ । ਪੁਛ ਗਿਛ ਲਈ—1. ਸ: ਹਰਦਿਤ ਸਿੰਘ, ਹੈਡ ਟੀ. ਸੀ. ਰੇਲਵੇ ਸਟੇਸ਼ਨ ਸਰਸਾ

2. ਸ: ਜਗਤਾਰ ਸਿੰਘ ਸੇਠੀ ਨੇੜੇ ਬੜਾ ਗੁਰਦੁਆਰਾ ਸਾਹਿਬ ਸਰਸਾ ।

ਨੋਟ:—ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਧਰਮਸ਼ਾਲਾ ਸੂਰਜ ਭਾਨ ਜੀ ਮੋਂਗਾ ਨੇੜੇ ਘੰਟਾਘਰ ।



www.AKJ.Org

# ਪੰਥ ਖਾਲਸਾ ਭਯੋ ਪੁਨੀਤਾ

(ਵਲੋਂ–ਭਾਈ ਮਹਿੰਦਰ ਸਿੰਘ ਜੀ ਗਵਾਲੀਅਰ)

ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨ ਆਨੈ ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ ।

ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਤ ਲੋਕ ਵਿਚ ਵਿਚਰਦਿਆਂ ਤੇ ਜਗਤ ਤਮਾਸ਼ਾ ਵੇਖਦਿਆਂ ਜਦੋਂ ਕੁਝ ਸਮਾਂ ਬਿਤੀਤ ਹੋਇਆ ਤਾਂ ਅਕਾਲ ਪੁਰਖ ਦਾ ਹੁਕਮ ਤੇ ਵਰ ਜੋ ਸਚਖੰਡ ਵਿਚੋਂ ਟੁਰਨ ਲਗਿਆਂ ਪ੍ਰਾਪਤ ਹੋਇਆ ਸੀ ਯਾਦ ਆਇਆ–

"ਮੈ ਅਪਨਾ ਸੁਤ ਤੋਹਿ ਨਿਵਾਜਾ ।
ਪੰਥ ਪ੍ਰਚੁਰ ਕਰਬੇ ਕੋ ਸਾਜਾ ॥"

ਜੀ ਹਾਂ, ਮੈਨੂੰ ਤਾਂ ਮੇਰੇ ਸਚੇ ਪਿਤਾ ਅਕਾਲ ਪੁਰਖ ਨੇ ਆਪਣਾ ਪੰਥ (ਖਾਲਸਾ) ਪ੍ਰਚੁਰ ਕਰਨ ਲਈ ਇਸ ਮਾਤ ਲੋਕ ਵਿਚ ਭੇਜਿਆ ਸੀ ਅਤੇ ਕਿਹਾ ਸੀ ਕਿ ਧਰਮ ਦਾ ਵਿਸਥਾਰ ਕਰਨਾ ਅਤੇ ਲੋਕਾਈ ਨੂੰ ਕਬੁਧ ਕਰਨ ਤੋਂ ਹਟਾਣਾ ਹੈ ।

"ਜਾਹਿ ਤਹਾਂ ਤੈ ਧਰਮ ਚਲਾਇ ।
ਕਬੁਧ ਕਰਨ ਤੇ ਲੋਕ ਹਟਾਇ ।"

ਸਤਿਗੁਰੂ ਜੀ ਨੇ ਆਪਣੀ ਮਨ ਸੁਰਤ ਨੂੰ ਜੋ ਅਗੇ ਹੀ ਹਰ ਸਮੇਂ ਪ੍ਰਭੂ ਚਰਨਾਂ ਵਿਚ ਹੀ ਚੁਭੀ ਰਹਿੰਦੀ ਸੀ "ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ" ਹੋਰ ਉਚ ਮੰਡਲਾਂ ਵਿਚ ਲੈ ਗਏ ਇਸ ਲਈ ਕਿ ਵਾਹਿਗੁਰੂ ਜੀ ਦੇ ਪੰਥ ਖਾਲਸੇ ਦਾ ਸਹੀ ਤੇ ਠੀਕ ਚਿਤਰ ਆਪਣੇ ਹਿਰਦੇ ਵਿਚੋਂ ਉਲੀਕ ਸਕਣ । ਅਨੰਦਪੁਰੀ ਦੀ ਅਤੀ ਰੁਝੇਵੇਂ ਵਾਲੀ ਜੀਵਨੀ ਵਿਚੋਂ ਹਜ਼ੂਰ ਕੁਝ ਵਖਰੇ ੨ ਜਿਹੇ ਹੋਣ ਲਗ ਪਏ ਇਥੋਂ ਤਕ ਕਿ ਅਨੰਦਪੁਰੀ ਤੇ ਸਾਰੇ ਸੁਖਦਾਈ ਮਹਿਲ ਮਾੜੀਆਂ, ਕਿਲੇ, ਇਸਤ੍ਰੀ ਪੁਤਰ, ਸੇਵਕ,ਪਿਆਰੇ ਮਿਤਰ, ਹਾਥੀ ਘੋੜੇ ਸਭ ਕੁਝ ਤਿਆਗ ਦਿਤੇ ਅਤੇ ਬੰਨ ਵਿਚ ਪਹਾੜ ਦੀ ਕੁਖ ਵਿਚ ਜਾ ਬਰਾਜੇ । ਇਸਤਰ੍ਹਾਂ ਇਕ ਮਨ ਇਕ ਚਿਤ ਗੰਭੀਰ ਅਵਸਥਾ ਵਿਚ ਬੈਠਿਆਂ ਬੈਠਿਆਂ ਗਿਆਰਵਾਂ ਮਹੀਨਾ ਚੜ੍ਹ ਗਿਆ ਤੇ ਗਿਆਰਵੇਂ ਮਹੀਨੇ ਦੇ ਗਿਆਰਵੇਂ ਦਿਨ ਹਜ਼ੂਰ ਦੇ ਅੰਦਰੋਂ ਇਕ ਆਵਾਜ਼ ਆਈ ਜੀ ਠੀਕ ਹੈ 'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ' ਹਜ਼ੂਰ ਨੂੰ ਇਕ ਮੂਰਤੀ ਨਜ਼ਰੀ ਆਈ 'ਸਾਬਤ ਸੂਰਤ ਦਸਤਾਰ ਸਿਰਾ' ਤੇ 'ਸੋਹਣੇ ਨਕ ਜਿਨ ਲਮੜੇ ਵਾਲਾ' ਸੁਹਣੇ ਕੇਸ, ਫਬਦੀ ਢੁਕਵੀਂ ਦਸਤਾਰ ਸਜੀ ਹੋਈ, ਪ੍ਰਕਾਸ਼-ਮਈ ਦਾੜ੍ਹਾ, ਚਮਕਦੇ ਨੇਤਰ, ਸੁਭਾਗਾ ਚੌੜਾ ਲਿਲਾਟ, ਸਡੋਲ ਸੂਰਬੀਰ, ਉਚੇ ਸੁਚੇ ਆਚਾਰ ਭਰਪੂਰ ਪ੍ਰਉਪਕਾਰੀ, ਜੀ ਇਹੋ ਸੀ ਖਾਲਸੇ ਦੀ ਮੂਰਤੀ ਹਜ਼ੂਰ ਜੀ ਨੇ ਆਪੇ ਲਿਆ ਇਕਾਂਤਵਾਸ ਦਾ ਤਿਆਗ ਕੀਤਾ ਤੇ ਅਨੰਦਪੁਰੀ ਨੂੰ ਵਾਪਸ ਪਰਤੇ, ਉਦਾਸ ਤੇ ਸੁਨੀ ਹੋਈ ਹੋਈ ਅਨੰਦਪੁਰੀ ਵਿਚ ਫਿਰ ਨਵੇਂ ਸਿਰੋਂ ਰੌਣਕਾਂ ਤੇ ਖੁਸ਼ੀਆਂ ਭਰ ਗਈਆਂ, ਸੰਗਤਾਂ ਦਰਸ ਦੀਆਂ ਪਿਆਸੀਆਂ ਧਾ ਧਾ ਕੇ ਆਉਣ ਲਗੀਆਂ ਤੇ ਰੱਜ ਰੱਜ ਦਰਸ਼ਨ ਕਰਨ ਲਗੀਆਂ ।



www.AKJ.Org

ਹੁਣ ਸਤਗੁਰੂ ਜੀ ਨੇ ਪੰਥ ਖਾਲਸੇ ਦੇ ਮੋਢੀਆਂ ਦੀ ਚੋਣ ਕਰਨੀ ਸੀ । ਇਸ ਲਈ ਗੁਰਦੇਵ ਜੀ ਨੇ ਇਕ ਭਾਰੀ ਪਰੀਖਜਾ ਕਰਨ ਦੀ ਸੋਚ ਵਿਚਾਰ ਕੀਤੀ। ਦਸ਼ਮੇਸ਼ ਜੀ ਦੇ ਆਪਣੇ ਕਥਨ ਅਨੁਸਾਰ 'ਪੰਜ ਪਿਆਰਿਆਂ' ਦੀ ਚੋਣ ਤੋਂ ਪਹਿਲਾਂ ਕੋਈ ਇਕ ਹਜ਼ਾਰ ਦੇ ਕਰੀਬ ਕਰੀਬ ਸ੍ਰੇਵੜੇ, ਵੈਸ਼ਨਵ, ਜੋਗੀ, ਜਤੀ, ਸਨਯਾਸੀ, ਪ੍ਰਾਨਾਯਾਮੀ, ਪਉਣ ਅਹਾਰੀ, ਪੰਡਤ ਆਦਿਕ ਵੇਖੇ ਪਰਖੇ ਹਨ–

ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖ ਫਿਰਿਓ ਘਰ ਜੋਗ ਜਤੀ ਕੇ ।
ਤਥਾ–ਪਉਣ ਅਹਾਰ ਜਤੀ ਜਤ ਧਾਰ
ਸਭੈ ਸੁ ਬਿਚਾਰ ਹਜਾਰਕ ਦੇਖੈ ।

ਧਰਮੀ ਆਗੂਆਂ ਵਿਚੋਂ ਪੰਡਤ, ਬ੍ਰਾਹਮਣ ਮਵੇਦ ਆਦਿ ਸਾਰਿਆਂ ਨੂੰ ਕਸਉਟੀ ਤੇ ਲਾਇਆ ਇਨ੍ਹਾਂ ਵਿਚੋਂ ਪੂਰਾ ਕੋਈ ਨ ਉਤਰਿਆ, ਪ੍ਰਾਨ ਪਤੀ ਦਾ ਪਿਆਰਿ ਕੋਈ ਨ ਮਿਲਿਆ, ਸਭਨਾ ਵਿਚੋਂ ਨਿਰੋਲ ਭੇਖ, ਪਾਖੰਡ ਤੇ ਲਾਲਚ ਹੀ ਨਜ਼ਰ ਆਉਂਦਾ ਸੀ, ਇਨ੍ਹਾਂ ਦੀ ਕਹਨੀ ਕਥਨੀ ਤੇ ਕਰਨੀ ਵਿਚ ਜ਼ਿਮੀ ਅਸਮਾਨ ਦਾ ਫਰਕ ਸੀ। ਵੈਸ਼ਨਵ ਬ੍ਰਾਹਮਣਾਂ ਨੇ ਮਾਸ ਵਾਲਾ ਖਾਣਾ ਇਸ ਲਈ ਪ੍ਰਵਾਨ ਕੀਤਾ ਕਿਉਂਕਿ ਉਸ ਨਾਲ ਦਛਣਾਂ ਵਜੋਂ ਪੰਜ ਪੰਜ ਅਸ਼ਰਫੀਆਂ ਸਨ ਚਖ ਕੇ ਖੀਰ ਪੂੜਿਆਂ ਵਾਲੇ ਖਾਂਨੇ ਨਾਲ ਕੇਵਲ ਇਕੋ ਅਸ਼ਰਫੀ ਸੀ। ਇਸ ਤਰ੍ਹਾਂ ਆਪਣੇ ਆਪ ਨੂੰ ਸਚੇ ਤੇ ਸੁਚੇ ਅਚਾਰ ਦੇ ਮਾਲਕ, ਹੋਮ ਜਗ ਕਰਕੇ ਦੇਵੀ ਨੂੰ ਪ੍ਰਗਟ ਕਰਨ ਦਾ ਦਾਵਾ ਕਰਨ ਵਾਲੇ ਪੰਡਤ ਕੇਸ਼ੋ ਦਾਸ ਆਦਕ ਵੀ ਝੂਠੇ ਬਹਾਨੇ ਪਾ ਪਾਕੇ ਇਕ ਦਿਨ ਐਸੇ ਨਸੇ ਕਿ ਫਿਰ ਵਾਪਸ ਨ ਆਏ। ਜੋਗੀਆਂ ਸਨਯਾਸੀਆਂ ਵਿਚ ਵੀ ਆਪੋ ਧਾਪੀ ਸੀ ਤੇ ਮਾਇਆ ਦੀ ਮਹਾਂ ਪਕੜ ਸੀ । ਹਜ਼ੂਰ ਦਸ਼ਮੇਸ਼ ਜੀ ਦਾ ਫੁਰਮਾਨ ਹੈ–

ਜੇ ਜੁਗਿਆਨ ਕ ਜਾਬ ਕਹੈ
ਸਭ ਜੋਗਨ ਕੋ ਗ੍ਰਿਹ ਮਾਲ ਉਠੈਦੇ ।
ਜੋ ਪਰੋ ਭਾਜ ਸਨੰਯਾਸਨ ਕੇ
ਕਹਿ ਦੱਤ ਕੇ ਨਾਮ ਪੈ ਧਾਮ ਲੁਟੈ ਦੇ ।

ਮਸੰਦਾਂ ਦੀ ਇਹ ਹਾਲਤ ਕਿ ਗੁਰ ਸਿਖਾਂ ਨੂੰ ਤੰਗ ਕਰ ਕਰ ਸਤਿਗੁਰੂਆਂ ਦੇ ਨਾਮ ਤੇ ਧਨ ਇਕਠਾ ਕਰਨਾ ਅਤੇ ਫਿਰ ਆਪ ਹੀ ਰਖ ਲੈਣਾ ਖਾਸ ਕਰਕੇ ਗਰੀਬ ਗੁਰ ਸਿਖਾਂ ਨੂੰ ਦੁਖ ਡੰਨ ਦੇਂਦੇ ਸਨ ਇਥੋਂ ਤਕ ਕਿ ਆਪੋ ਹੀ ਗੁਰੂ ਬਣ ਪੂਜਾ ਕਰਾਉਣ ਲਗ ਪਏ। ਚੋਥੇ ਪਾਤਸ਼ਾਹ ਨੇ ਤਾਂ ਇਨ੍ਹਾ ਨੂੰ ਅਗੇ ਸਿਖੀ ਸੇਵਕੀ ਵਧਾਉਣ ਲਈ ਤੇ ਗੁਰਮਤਿ ਪ੍ਰਚਾਰ ਲਈ ਥਾਪਿਆ ਸੀ ਪਰ ਇਹ ਲੋਭ ਲਹਿਰ ਵਿਚ ਆ ਗਏ ਤੇ ਗੋਤੇ ਖਾਣ ਲਗੇ ਇਨਾਂ ਮਸੰਦਾਂ ਦੇ ਵਡੇ ਆਗੂ ਭਾਈ ਚੋਤੇ ਮਸੰਦ ਬਾਬਤ ਸੂਰਜ ਪ੍ਰਕਾਸ਼ ਵਿਚ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ—

ਗੁਰ ਮਾਯਾ ਚੋਤੋ ਬਰਮਾਇਓ
ਲੋਭ ਲਹਿਰ ਮੈ ਗੋਤਾ ਖਾਇਓ ।

ਇਸ ਕਰਕੇ ਦਸਮੇਸ਼ ਜੀ ਨੇ ਗੁਰਸਿਖਾਂ ਨੂੰ ਵਿਚੋਲਿਆਂ ਪਾਸੋ ਛੁਡਵਾ ਕੇ ਸਿਧਾ ਪ੍ਰਮੇਸ਼ਰ ਨਾਲ ਜੋੜਨਾ ਚਾਹਿਆ ਐਸੇ ਮਹਾਨ ਕਾਰਜ ਦੀ ਪੂਰਤੀ ਲਈ ਗੁਰਦੇਵ ਜੀ ਨੇ ਸੰਮਤ 1756 ਦੀ ਪਹਿਲੀ ਵਿਸਾਖੀ ਦਾ ਸੁਭ ਦਿਨ ਚੁਣਿਆ। ਇਸ ਮਿਥੇ ਹੋਏ ਦਿਨ ਉਤੇ ਸਰਬ ਦੇਸ਼ ਬਿਦੇਸ਼ ਦੀਆਂ ਸੰਗਤਾਂ ਨੂੰ ਸਦੇ ਪਤਰ ਭੇਜ ਕੇ ਸ੍ਰੀ ਅਨੰਦ ਪੁਰ ਸਾਹਿਬ ਵਿਚ ਇਕਤ੍ਰ ਕੀਤਾ। ਸ੍ਰੀ ਕੇਸ ਗੜ੍ਹ ਵਾਲੇ ਅਸਥਾਨ ਤੇ ਇਕ ਬਹੁਤ ਭਾਰੀ ਦੀਵਾਨ ਸਜਾਇਆ ਗਿਆ। ਆਵਾਜਾਈ ਦੇ ਅਤਿ ਕਠਨ ਸਾਧਨ ਹੁੰਦਿਆਂ ਹੋਇਆਂ ਵੀ ਲਗਭਗ ਅੱਸੀ ਹਜ਼ਾਰ ਦੀ ਗਿਣਤੀ ਦੀਵਾਨ ਵਿਚ ਹਾਜ਼ਰ ਸੀ। ਅੰਮ੍ਰਿਤ ਵੇਲੇ ਦੇ ਨਿਤਨੇਮ ਕੀਰਤਨ ਚੋਕੀ ਉਪਰੰਤ ਸਤਗੁਰੂ ਜੀ ਆਪਣੇ ਸੰਘਾਸਨ ਤੇ ਖੜੇ ਹੋ ਗਏ ਤੇ ਅਕਾਲ ਪੁਰਖ ਨੂੰ ਆਪਣਾ ਸੀਸ ਨਿਵਾਇਆ। ਆਪਣੀ ਸ੍ਰੀ ਸਾਹਿਬ ਜੀ ਨੂੰ ਮਿਆਨ ਵਿਚੋਂ ਕਢਿਆ ਤੇ ਸਰਬਤ ਸਾਧ ਸੰਗਤ ਵਲ ਸੰਬੋਧਨ ਕਰਦਿਆਂ ਬਚਨ ਕੀਤਾ, ਭਾਈ ਗੁਰਮੁਖੋ ਅਜ ਤੁਹਾਡੇ ਗੁਰੂ ਨੂੰ ਆਪਣੇ ਇਕ ਸਿਖ ਦੇ ਸਿਰ ਦੀ ਅਤੀ ਲੋੜ ਪੈ ਗਈ ਹੈ। ਕੋਈ ਹੈ ਸੁਭਾਗਾ ਜੋ ਆਪਣੇ ਸਰੀਰ ਪ੍ਰਵਾਰ ਵਲੋਂ ਨਿਰਮੋਹ ਹੋ ਸਿਰ ਗੁਰੂ ਨੂੰ ਭੇਟ ਕਰੇ ਹੈਂ? ਇਹ ਬਚਨ ਜੀਅ ਦਾਨ



www.AKJ.Org

ਵਾਲੇ ਦਸਮੇਸ਼ ਜੀ ਦੇ ਹਨ। ਫਿਰ ਧਿਆਨ ਨਾਲ ਸੁਣਿਆਂ ਠੀਕ ਇਹੋ ਹੀ ਬਚਨ ਭਾਈ ਇਕ ਸਿਰ ਦੀ ਲੋੜ ਹੈ। ਇਸ ਗਲ ਵਿਚ ਕੋਈ ਸ਼ਕ ਨਹੀਂ ਪੜ੍ਹਨ ਸੁਣਨ ਵਾਲੇ ਤਾਂ ਕਈ ਕੇਤੇ ਹੁੰਦੇ ਹਨ ਪਰ ਮੰਨਣ ਵਾਲਾ ਕੋਈ ਕੋਈ।ਬੀਜ ਨਾਸ ਤਾਂ ਹੁੰਦਾ ਨਹੀਂ ਆਖਰ ਗੁਰੂ ਨਾਨਕ ਦੇਵ ਜੀ ਦੀ ਕਸਵਟੀ ਤੇ ਵੀ ਤਾਂ ਭਾਈ ਲਹਿਣਾ ਜੀ ਨਿਤਰ ਹੀ ਪਏ ਸਨ। ਇਸ ਤਰਾਂ ਸਤਿਗੁਰੂ ਜੀ ਦੂਜੀ ਆਵਾਜ਼ ਤੇ ਫਿਰ ਤੀਜੀ ਆਵਾਜ਼ ਆਈ। ਹੁਣ ਭਾਈ ਦਯਾ ਰਾਮ ਲਾਹੌਰ ਨਿਵਾਸੀ ਛਤ੍ਰੀ ਜਾਤ ਦਾ ਆਪਣੇ ਹਿਰਦੇ ਵਿਚ ਹੌਲੀ ਹੌਲੀ–

> ਜੇ ਤਉ ਪ੍ਰੇਮ ਖੇਲਣ ਕਾ ਚਾਉ।
> ਸਿਰੁ ਧਰਿ ਤਲੀ ਗਲੀ ਮੇਰੀ ਆਉ।
> ਇਤੁ ਮਾਰਗਿ ਪੈਰੁ ਧਰੀਜੈ।
> ਸਿਰੁ ਦੀਜੈ ਕਾਣਿ ਨ ਕੀਜੈ

ਦਾ ਮਹਾਂਵਾਕ ਪੜ੍ਹਦਾ ਪੜ੍ਹਦਾ ਹਜ਼ੂਰ ਦੇ ਨਿਕਟ ਪੁਜ ਕੇ ਆਪਣੇ ਸੀਸ ਨੂੰ ਨਿਵਾ ਭੇਟ ਕੀਤਾ।

> ਬਿਨਤੀ ਭਨੀ ਜੋਰ ਜੁਗ ਕਰਕੇ।
> ਲੀਜਹ ਸਤਗੁਰ ਮੇਰੋ ਸਿਰ ਕੋ।
> ਏਤੀ ਬਿਲੰਬ ਕੀਨ ਧਿਕ ਮੋਹੀ।
> ਸ੍ਵਾਮੀ ਬਚਨ ਨ ਸਨਮੁਖ ਹੋਈ।

ਸਤਿਗੁਰੂ ਜੀ ਭਾਈ ਸਾਹਿਬ ਜੀ ਨੂੰ ਬਾਂਹੋਂ ਫੜ ਕੇ ਤੰਬੂ ਅੰਦਰ ਲੈ ਗਏ ਅਤੇ ਕੁਝ ਸਮੇਂ ਬਾਹਦ ਲਹੂ ਭਰੀ ਸ਼ਮਸ਼ੀਰ ਹਥ ਵਿਚ ਫੜੀ ਫਿਰ ਸੰਘਾਸਨ ਤੇ ਆ ਖਲੋਤੇ। ਦੂਜੇ ਸਿਰ ਦੀ ਮੰਗ ਸ਼ੁਰੂ ਹੋ ਗਈ। ਭਾਈ ਧਰਮ ਦਾਸ ਜਟ ਹਸਤਨਾਪੁਰ ਵਾਸੀ ਨੇ ਆਪਣਾ ਸੀਸ ਸਤਿਗੁਰੂ ਜੀ ਦੀ ਅਮਾਨਤ ਸਮਝ ਭੇਟ ਕੀਤਾ। ਤੀਜੀ ਵਾਰੀ ਦੁਵਾਰਕਾ ਨਗਰੀ ਦਾ ਮੁਹਕਮ ਚੰਦ ਤੇ ਚੌਥੀ ਵਾਰੀ ਬਿਦਰਪੁਰ ਦਾ ਸਾਹਿਬ ਚੰਦ ਨਾਈ ਤੇ ਪੰਜਵੀਂ ਵਾਰੀ ਜਗਨ ਨਾਥ ਪੁਰੀ ਦਾ ਝੀਵਰ ਭਾਈ ਹਿੰਮਤ ਚੰਦ ਨੇ ਸੀਸ ਭੇਟ ਕੀਤਾ। ਪੰਜਾਂ ਸਿਰਾਂ ਦਾ ਭੇਟ ਕਰਨਾ ਦਸਦਾ ਹੈ ਕਿ ਸਤਿਗੁਰੂ ਜੀ ਲਈ ਗੁਰ ਸਿਖਾਂ ਦੇ ਹਿਰਦਿਆਂ ਵਿਚ ਕਿਨਾਂ ਸਚਾ ਤੇ ਸੁਚਾ ਪਿਆਰ ਸੀ। ਭਾਵੇਂ ਕੜਾਹ ਪ੍ਰਸ਼ਾਦ ਛਕਣ ਵਾਲੇ ਮਸੰਦ ਵੀ ਬਹੁਤ ਸਨ ਪਰ ਤਨ ਮਨ ਭੇਟ ਕਰਨ ਵਾਲੇ ਗੁਰਸਿਖਾਂ ਦੀ ਵੀ ਕਮੀ ਨਹੀਂ ਸੀ। ਥੋੜੇ ਜਿਹੇ ਸਮੇਂ ਬਾਹਦ ਸਤਿਗੁਰੂ ਜੀ ਨੇ ਪੰਜ ਗੁਰਸਿਖਾਂ ਨੂੰ ਨਵਾਂ ਰੂਪ ਚਾਹੜ ਕੇ ਤੰਬੂ ਵਿਚੋਂ ਬਾਹਰ ਲਿਆਂਦਾ। ਇਹਨਾਂ ਪੰਜਾਂ ਗੁਰਸਿਖਾਂ ਦੀ ਮੂਰਤੀ ਹੁਣ ਉਹੋ ਹੀ ਸੀ ਜਿਹੜੀ ਸਤਿਗੁਰੂ ਜੀ ਨੇ ਗਿਆਰਾਂ ਮਹੀਨੇ ਤੇ ਗਿਆਰਾਂ ਦਿਨਾਂ ਦੇ ਇਕਾਂਤ ਵਾਸ ਸਮੇਂ ਮਨ ਵਿਚ ਧਾਰਨ ਕੀਤੀ ਸੀ। ਇਹਨਾਂ ਪੰਜਾਂ ਨੂੰ ਸਤਿਗੁਰੂ ਜੀ ਨੇ ਆਪਣੇ ਤੁਲ ਕੀਤਾ। ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾ ਕੇ ਗਿਯਾਨ ਪ੍ਰਬੀਨ ਕੀਤਾ। ਸੂਰਜ ਪ੍ਰਕਾਸ਼ ਦੇ ਕਥਨ ਅਨੁਸਾਰ–

> ਮਮ ਸਰੂਪ ਤੁਮ ਅਬ ਭਏ ਹੋ ਭਾ ਤੁਮਹਿ ਸਰੂਪ।
> ਬ੍ਰਹਮ ਗਿਆਨ ਵਿਚ ਰਿਦੈ ਹ੍ਵੈ ਪਦ ਅਤ ਲੀਨ ਅਨੂਪ।
> ਅਤ ਅਨੰਦ ਬਿਗਸੇ ਬਦਨ ਦਯਾ ਸਦਨ ਪਦ ਚੀਨ।
> ਸੋਧ ਕਰੇ ਅਪਨੇ ਸਰਸ ਗਯਾਨ ਪ੍ਰਵੀਨ ਪ੍ਰਬੀਨ।

ਸਤਿਗੁਰੂ ਜੀ ਨੇ ਇਹਨਾਂ ਨੂੰ ਪੰਜ ਪਿਆਰੇ ਆਖਿਆ, ਗੁਰਸਿਖਾਂ ਦੀ ਅਰਦਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਦ ਇਹਨਾਂ ਪੰਜਾਂ ਪਿਆਰਿਆਂ ਦਾ ਦਰਜਾ ਹੈ ਗੁਰਦੇਵ ਦੇ ਜਿਗਰ-ਟੋਟਿਆਂ–ਚਾਰ ਸਾਹਿਬਜ਼ਾਦਿਆਂ ਦਾ ਬਾਹਦ ਵਿਚ। ਇਹਨਾਂ ਨੂੰ ਹੀ ਗੁਰੂ ਜੀ ਨੇ ਖਾਲਸਾ ਕਿਹਾ ਤੇ ਇਹਨਾਂ ਦੇ ਨਾਮ ਨਾਲੋਂ ਦੂਜਾ ਪਦ ਦਾਸ, ਚੰਦ ਆਦਿ ਲਾਹ ਕੇ 'ਸਿੰਘ' ਪਦ ਇਖ਼ਤਿਆਰ ਕੀਤਾ। ਹੁਣ ਇਹਨਾਂ ਪੰਜਾਂ ਪਿਆਰਿਆਂ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਹੋਰਾਂ ਨੂੰ ਸੰਘਾਸਨ ਤੇ ਬਿਠਾ ਕੇ ਸਤਿਗੁਰੂ ਜੀ ਉਹਨਾਂ ਦੇ ਚਰਨਾਂ ਵਿਚ ਹੇਠਾਂ ਉਤਰਕੇ ਖਲੋ ਗਏ ਅਤੇ ਬੇਨਤੀ ਕੀਤੀ, ਕਿ ਮੈਨੂੰ ਭੀ ਅੰਮ੍ਰਿਤ ਦੀ ਦਾਤ ਦੇ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣਾਵੋ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਤਾਂ ਜੋ ਮੈਂ ਭੀ ਵਾਹਿਗੁਰੂ ਜੀ ਦੇ ਖਾਲਸੇ ਪੰਥ ਵਿਚ ਪ੍ਰਵੇਸ਼ ਕਰਾਂ। ਇਤਿਹਾਸਕਾਰਾਂ ਦਾ ਜ਼ਿਕਰ ਹੈ ਕਿ ਇਸ ਮਹਾਨ ਅਦੁਤੀ ਕੌਤਕ ਤੋਂ ਉਪਰੰਤ ਹਮੇਸ਼ਾ



www.AKJ.Org

ਵਾਸਤੇ ਸਤਿਗੁਰੂ ਜੀ ਦੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਵਣ ਦਾ ਹੁਕਮ ਹੋਇਆ। ਸੰਗਤਾਂ ਨੂੰ ਹੁਕਮ ਹੋਇਆ ਕਿ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਕੇ ਖਾਲਸਾ ਪੰਥ ਵਿਚ ਪ੍ਰਵੇਸ਼ ਕਰ ਜਾਓ। ਲਗ ਭਗ ਵੀਹ ਹਜ਼ਾਰ ਗੁਰਸਿਖਾਂ ਨੇ ਹਜ਼ੂਰ ਦੇ ਹੁਕਮ ਦੀ ਪਾਲਨਾ ਕੀਤੀ ਤੇ ਅੰਮ੍ਰਿਤ ਪਾਨ ਕਰ ਖਾਲਸਾ ਰੂਪ ਗ੍ਰਹਿਣ ਕੀਤਾ।

ਗੁਰੂ ਗੋਬਿੰਦ ਮਰਗਿੰਦ ਹੋਏ ਕੀਨੇ ਕਾਮ।
ਦੇਹ ਸੰਗਤ ਕੋ ਬੀਰਤਾ ਧਰਿਓ ਖਾਲਸਾ ਨਾਮ।

ਹਰ ਅੰਮ੍ਰਿਤ ਦੇ ਚੁਲੇ ਨਾਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ' ਬੁਲਵਾ ਕੇ ਸਿਧਾ ਵਾਹਿਗੁਰੂ ਜੀ ਦਾ ਬਣਾ ਦਿਤਾ ਅਤੇ ਸਦਾ ਲਈ ਫ਼ਤਹ ਬਖ਼ਸ਼ ਦਿਤੀ। ਭਾਈ ਨੰਦ ਲਾਲ ਜੀ ਦੇ ਬਚਨਾਂ ਅਨੁਸਾਰ ਵਾਹਿਗੁਰੂ ਜੀ ਦੇ ਖਾਲਸੇ ਨੂੰ ਇਹ ਰਹਿਤ ਪ੍ਰਾਪਤ ਹੋਈ:—

ਗੁਰਸਿਖ ਰਹਿਤ ਸੁਨਹੁ ਮੇਰੇ ਮੀਤ।
ਉਠ ਪਰਭਾਤੇ ਕਰ ਹਿਤ ਚੀਤ।
ਵਾਹਿਗੁਰੂ ਗੁਰ ਮੰਤਰ ਸੁ ਜਾਪੁ।
ਕਰ ਇਸ਼ਨਾਨ ਪੜ੍ਹੇ ਜਪ ਜਾਪ।
ਸੰਧਜਾ ਸਮੇ ਸੁਨੈ ਰਹਿਰਾਸ।
ਕੀਰਤਨ ਕਥਾ ਸੁਨੈ ਹਰ ਜਾਸ।
ਇਨ ਪੈ ਨੇਮ ਜੋ ਏਕ ਕਰਾਏ।
ਸੋ ਸਿਖ ਅਮਰ ਪੁਰੀ ਮਹਿ ਜਾਇ।

'ਬਾਣੇ' ਤੇ 'ਬਾਣੀ' ਦੀ ਬਖਸ਼ਸ਼ ਕੀਤੀ। ਬਾਣੇ ਵਿਚ ਪੰਜ ਕਕਾਰਾਂ ਦੀ ਬਖਸ਼ਸ਼ ਕੀਤੀ—

ਨਿਸ਼ਾਂ ਸਿਖੀ ਇਹ ਪੰਜ ਹਰਫ ਕਾਫ।
ਹਰਗਿਜ਼ ਨ ਬਾਸ਼ਦ ਈ ਪੰਜ ਮੁਆਫ।
ਕੜਾ ਕਾਰਦੇ ਕਛ ਕੰਘਾ ਬਿਦਾ।
ਬਿਨਾ ਕੇਸ ਹੇਚ ਅਤ ਜੁਮਲਾ ਨਿਸ਼ਾਂ।

ਬਾਣੀ ਵਿਚ ਪੰਜਾਂ ਬਾਣੀਆਂ ਦਾ ਨਿਤਨੇਮ ਕਰਨ ਦਾ ਹੁਕਮ ਕੀਤਾ ਚਾਰ ਵਡੀਆਂ ਕੁਰਿਹਤਾ ਤੋਂ ਬਚਨ ਦਾ ਉਪਦੇਸ਼ ਖਾਲਸੇ ਨੂੰ ਦਿਤਾ—

(1) ਕੇਸਾਂ ਦੀ ਬੇਅਦਬੀ ਨਹੀਂ ਕਰਨੀ
(2) ਕੁਠਾ ਮਾਸ ਨਹੀਂ ਖਾਣਾ
(3) ਪਰ ਇਸਤਰੀ ਦੀ ਜੰਗਤ ਨਹੀਂ ਕਰਨੀ
(4) ਤਮਾਕੂ ਨਸ਼ਾ ਆਦਿ ਦੀ ਵਰਤੋਂ ਨਹੀਂ ਕਰਨੀ।

ਰਹਿਤ ਲਈ ਸਤਿਗੁਰੂ ਜੀ ਦਾ ਫੁਰਮਾਨ ਹੋਇਆ ਕਿ—

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ।

ਤਥਾ—

ਰਹਿਣੀ ਰਹੈ ਸੋਈ ਸਿਖ ਮੇਰਾ।
ਉਹ ਸਾਹਿਬ ਮੈ ਉਸਕਾ ਚੇਰਾ।

ਜੋ ਜੋ ਸਿਫਤਾਂ ਖਾਲਸੇ ਵਿਚ ਹੈ ਸਨ ਸਤਿਗੁਰਾਂ ਨੇ ਉਹ ਸਰਬ ਲੋਹ ਗਰੰਥ ਅਨੁਸਾਰ ਇਸ ਤਰਾਂ ਦਸੀਆਂ ਹਨ—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੌ ਕਰੋ ਨਿਵਾਸ ... ... ...
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ... ... ...
ਖਾਲਸਾ ਮੇਰੋ ਮਾਤ ਪਿਤਾ ਸੁਖਦਾਈ।
ਖਾਲਸਾ ਮੇਰੋ ਮਿਤਰ ਸਖਾਈ।
ਖਾਲਸਾ ਮੇਰੋ ਸਤਿਗੁਰੂ ਪੂਰਾ।
ਖਾਲਸਾ ਮੇਰੋ ਸਜਨ ਸੂਰਾ।

ਇਸ ਤਰ੍ਹਾਂ ਖਾਲਸਾ ਜੀ ਦੀ ਬੇਅੰਤ ਉਪਮਾ ਕਰਦੇ ਸਤਿਗੁਰੂ ਜੀ ਅਗੇ ਫੁਰਮਾਂਦੇ ਹਨ ਕਿ ਮੈਂ ਕਦੇ ਸ਼ੇਸ਼ਨਾਗ ਦੀ ਰਸਨਾ ਵੀ ਪ੍ਰਾਪਤ ਕਰ ਲਵਾਂ ਤਾਂ ਵੀ ਉਪਮਾ ਬਹੁਤ ਹੈ ਤੇ ਨਹੀਂ ਕਹੀ ਜਾਂਦੀ ਅਤੇ ਇਹ ਵੀ ਨਿਸਚੇ ਕਰਾਇਆ ਕਿ ਇਸ ਵਿਚ ਰਤੀ ਭਰ ਵੀ ਮਿਥਿਆ ਨਹੀਂ ਹੈ।

ਉਪਮਾ ਖਾਲਸੇ ਜਾਤ ਨ ਕਹੀ।
ਜਿਹਵਾ ਏਕ ਪਾਰ ਨਹਿ ਲਈ।
ਸੇਸ ਰਸਨ ਸਾਰਦ ਸੀ ਬੁਧ।
ਤਦਪ ਨ ਉਪਮਾ ਬਰਨਤ ਸੁਧ।
ਯਾ ਮੈ ਰੰਚ ਨ ਮਿਥਿਆ ਭਾਖੀ।
ਪਾਰਬ੍ਰਹਮ ਗੁਰੂ ਨਾਨਕ ਸਾਖੀ।
ਰੋਮ ਰੋਮ ਜੇ ਰਸਨਾ ਪਾਊ।
ਤਦਪ ਖਾਲਸਾ ਜਸ ਤਹਿ ਗਾਊ। *



www.AKJ.Org

# ਬਾਬਾ ਰਾਮ ਸਿੰਘ ਤੇ ਮਾਈ ਪ੍ਰੇਮ ਕੌਰ ਜੀ ਫਲੇਵਾਲ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਇਹ ਦੋਵੇਂ ਗੁਰਮੁਖ ਪਿਆਰੀਆਂ ਰੂਹੜੀਆਂ ਜਿੰਦਾਂ ਪਿੰਡ ਫਲੇਵਾਲ ਦੇ ਵਸਨੀਕ ਸਨ। ਜੋ ਨਾਰੰਗਵਾਲ ਤੋਂ ਤਿੰਨ ਮੀਲ ਦੀ ਵਿਥ ਤੇ ਦਖਣ ਵਲ ਸੀ। ਬਾਬਾ ਰਾਮ ਸਿੰਘ ਜੀ ਫੌਜ ਵਿਚ ਮੁਲਾਜ਼ਮ ਸੀ। 33 ਸਾਲ ਦੀ ਉਮਰ ਵਿਚ ਹੀ ਮੁਲਾਜ਼ਮਤ ਛਡ ਆਏ। ਉਹਨਾਂ ਨੂੰ ਮੁੱਢ ਤੋਂ ਹੀ ਪ੍ਰਮਾਰਥ ਦਾ ਪਰੇਮ ਵੈਰਾਗ ਬੜੀ ਪ੍ਰਬਲ ਵਿਚ ਰਹਿੰਦਾ ਸੀ। ਚਿਰਾਂ ਤੋਂ ਇਹਨਾਂ ਦਾ ਖਿਆਲ ਸੀ ਕਿਸੇ ਨਾਮ ਬਾਣੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜ਼ਥੇ ਤੋਂ ਜੋ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮੰਤਰ ਗੁਰਦੀਖਿਆ ਲੈ ਕੇ ਨਾਮ ਅਭਿਆਸ ਵਿਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛਡਨ ਤੋਂ ਕੁਛ ਦਿਨ ਪਹਿਲਾਂ ਇਹਨਾਂ ਨੂੰ ਸੁਪਨ ਸਾਰਖਾ ਚਮਤਕਾਰ ਹੋਇਆ ਕਿ ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ ਨਿਰਬਾਨ ਕੀਰਤਨੀ ਨਾਮ ਅਭਿਆਸੀ । ਜਥੇ ਵਿਚ ਪੂਰੀ ਹੋਵੇਗੀ। ਉਥੇ ਖੂਬ ਗਹਿਗਹੇ ਰੰਗ ਚੜ੍ਹਨਗੇ। ਓਥੇ ਜਾਉ! ਖੂਬ ਸੇਵ ਕਮਾਉ!! ਜਥੇ ਵਿਚ ਰਲਕੇ ਘੁਲ ਮਿਲ ਘਿਚ ਜਾਉ।

ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰ ਖੇਡ ਦਾ ਵਰਤਣਾ ਹੀ ਸੀ ਕਿ ਇਹ ਫੌਰਨ ਸਰਕਾਰੀ ਨੌਕਰੀ ਨੂੰ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਹਨਾਂ ਦੀ ਇਕੋ ਇਕ ਪਤਨੀ ਹੀ ਇਹਨਾਂ ਦਾ ਪ੍ਰਵਾਰ ਸੀ। ਪਤਨੀ ਬੜੀ ਆਗਿਅਕਾਰ ਸੀ। ਦੋਹਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ ਮਿਥ ਲਿਆ। ਸੋ ਸ਼ੁਭ ਅਵਸਰ ਜੁੜਨ ਪਰ, ਇਹਨਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਬਾਬਾ ਰਾਮ ਸਿੰਘ ਜੀ ਦਾ ਨਾਉਂ ਤਾਂ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਖਿਆ ਹੋਇਆ ਸੀ, ਇਸ ਲਈ ਇਹਨਾਂ ਦਾ ਨਾਉਂ ਇਹ ਹੀ ਰਹਿਆ। ਇਹਨਾਂ ਦੀ ਪਤਨੀ ਦਾ ਨਾਉਂ ਪ੍ਰੇਮ ਕੌਰ ਹੋ ਗਿਆ। ਫੇਰ ਆਯੂ ਪਰਯੰਤ ਮਾਈ ਪ੍ਰੇਮ ਕੌਰ ਨਾਮ ਨਾਲ ਪ੍ਰਸਿਧ ਰਹੇ। ਜਥੇ ਦੇ ਅਸੂਲਾਂ ਅਨੁਸਾਰ ਇਹਨਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਅਨੰਦ ਵਿਵਾਹ ਦੋਹਾਂ ਦਾ ਕੀਤਾ ਗਿਆ। ਇਸ ਸਮੇਂ ਤੋਂ ਲੈਕੇ ਇਹ ਦੰਪਤਿ ਜੋੜੀ ਸੰਗਤਾਂ ਦੀ ਸੇਵਾ ਭਾਵ ਅਨੰਦ ਵਿਚ ਸਦੀਵ ਹੀ ਤਤਪਰ ਰਹੀ। ਨਾਮ ਜਪਨ, ਹਥੀਂ ਸੇਵਾ ਕਰਨ ਵੰਡ ਛਕਣ, ਲੰਗਰ ਚਲਾਵਨ ਵਿਚ ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ ਸਤੋ ਗੁਣੀ ਸੁਭਾਵ ਸਤਿ ਸੰਤੋਖ ਵਿਚ ਨਿਪੁੰਨ ਪੂਰੀ

---

*ਹੋ ਖਾਲਸੇ ਕਾ ਖਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇਰੋ ... ... ... ...
ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ।
ਆਤਮ ਰਸ ਜਿਹ ਜਾਨਹੀ, ਸੋ ਹੋ ਖਾਲਸ ਦੇਵ।
ਪ੍ਰਭਿ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ।
ਪੰਥ ਖਾਲਸਾ ਭਯੋ ਪੁਨੀਤਾ
ਪ੍ਰਭ ਆਗਿਆ ਕਰ ਉਦਤ ਭਏ।



www.AKJ.Org

ਭਾਉ ਭਾਵਨੀ ਸਹਿਤ ਸੰਗਤਾਂ ਦੀ ਹਥੀਂ ਸੇਵਾ ਕਰਨ ਆਯੂ ਪ੍ਰਯੰਤ ਜੁਟੇ ਰਹੇ। ਕਦੇ ਅੱਕਨ ਨਹੀਂ ਕਦੇ ਥੱਕਨ ਨਹੀਂ ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕਬੋਲ ਝਲਨੇ ਅਗੋਂ ਉਫ਼ ਨਹੀਂ ਕਰਨੀ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁਟ ਲੰਗਰ ਸਜਾਉਣਾ, ਵਰਤਾਉਣਾ ਸੰਗਤਾਂ ਨੂੰ ਛਕਾਉਣਾ ਇਹਨਾਂ ਦਾ ਪ੍ਰੇਮ ਭੂਸ਼ਨੀ ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ ਚਾਹੇ ਕਿਤਨੀਆਂ ਸੰਗਤਾਂ ਫੌਜਾਂ ਆ ਕੇ ਗਫੇ ਲਾਵਨ। ਇਹਨਾਂ ਦੇ ਨਿਗਰੀ ਸੁਭਾਵ ਦਾ ਸਦਕਾ ਛਕਣਹਾਰਿਆਂ ਦੇ ਇਕ ਆਕਰਖਨ ਸ਼ਕਤੀ ਨਾਲ ਨਿਮ੍ਰਤਾ ਪ੍ਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹਥੋਂ ਅੰਮ੍ਰਿਤਾ ਭੋਜਨ ਛਕਨ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਹਨਾਂ ਦੀ ਨਾਮ ਅਭਿਆਸ ਸਿਮਰਨ ਤੋਂ ਖਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿਚ ਬੈਠੇ ਬਿਠਾਇਆਂ ਇਹਨਾਂ ਨੇ ਸਮਾਧ ਸਥਿਤ ਹੋ ਜਾਣਾ। ਹਮੇਸ਼ਾ ਖ਼ਾਸ ਖ਼ਿਆਲ ਰਖ ਕੇ ਅਖੰਡ ਪਾਠ ਅਤੇ ਅਖੰਡ ਕੀਰਤਨ ਮੰਡਲ ਦੇ ਨਿਕਟ ਹੀ ਇਹਨਾਂ ਦਾ ਲੰਗਰ ਦਾ ਅਸਥਾਨ ਹੋਇਆ ਕਰਦਾ ਸ਼ੀ। ਅੰਮ੍ਰਿਤ ਬਾਣੀ ਸੇਵਾ ਕਰਦਿਆਂ ਹੋਇਆਂ ਇਹਨਾਂ ਦੀ ਕੰਨੀ ਪੈਂਦੀ ਰਹਿਣੀ ਜਿਸ ਕਰਕੇ ਅੰਮ੍ਰਿਤ ਕਲਾ ਐਸੀ ਵਰਤਣੀ ਕਿ ਇਹਨਾਂ ਦੇ ਅੰਮ੍ਰਿਤ ਬੁਰਕੜੇ ਨੂਰਾਨੀ ਚਹਿਰੇ ਤਕ ਤਕ ਹੀ ਦਿਸ਼ਟੇ ਜਨਾਂ ਦੀ ਰੁਮਾਵਲੀ ਅੰਦਰ ਜੀਵਨ ਅਨੰਦ ਦੀ ਲਹਿਰ ਫਿਰ ਜਾਂਦੀ ਸੀ। ਵਾਧਾ ਇਹ ਕਿ 'ਏਕ ਜੋਤ ਦੋਇ ਮੂਰਤੀ' ਵਾਲੀ ਧਨ ਪਿਰੀ ਜੋੜੀ ਅਖਰਾਂ ਵਿਲੋਂ ਅਨਪੜ ਹੀ ਸੀ। ਗੁਰਬਾਣੀ ਦਾ ਪਾਠ ਰੁਟਕੇ ਤੋਂ ਵੀ ਨਹੀਂ ਕਰ ਸਕਦੇ ਸਨ।

ਜੋ ਪ੍ਰਾਨੀ ਗੋਬਿੰਦ ਧਿਆਵੈ।
ਪੜਿਆ ਅਨ ਪੜਿਆ ਪਰਮਗਤਿ ਪਾਵੈ।

ਗੁਰਵਾਕ ਦੇ ਭਾਵ ਅਨੁਸਾਰ ਅਨਪੜ੍ਹ ਪੜ੍ਹਿਆਂ ਦੀ ਇਹ ਨਾਮ ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰਗੀਮਤ ਤੱਤ ਵਾਲਾ ਆਤਮ ਪਰਮਾਤਮੀ ਗਿਆਨ ਰਖਦੀ ਸੀ। ਹਰ ਵਕਤ ਹੀ ਮਗਨ ਅਨੰਦ ਹੀ ਰਹਿਣਾ ਜਿਸ ਨੇ ਲੰਗਰ ਦੇ ਵਿਚ ਆ ਕੇ ਇਹਨਾਂ ਪਾਸੋਂ ਕਾਈ ਸ਼ੈ ਤਲਬ ਕਰਨੀ ਇਹਨਾਂ ਨੇ ਬੜੀ ਮਿਠੀ ਧੁਨੀ ਵਿਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ ਐਸਾ ਸਬਰ ਸੰਤੋਖ ਅਤੇ ਸਹਿਣ ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿਖਾਂ ਵਿਚ ਹੀ ਅਜ ਤਾਈਂ ਪੇਖਨ ਵਿਚ ਆਇਆ ਹੈ। ਘਰ ਦੀ ਕਮਾਈ ਖੇਤੀ ਬਾੜੀ ਸਭ ਜੋਖੋਂ, ਇਹਨਾਂ ਨੇ ਸੁਲੇਖੇ ਗੁਰੂ ਲੇਖੇ ਲਾ ਕੇ ਸੰਗਤ ਨੂੰ ਸਮਰਪਨ ਕਰ ਦੇਣੀ। ਇਹਨਾਂ ਨੂੰ ਸਤਿਗੁਰੂ ਨੇ ਇਕ ਐਸੀ ਲਵੇਰੀ ਗਊ ਬਖ਼ਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ ਦੇਂਦੇ ਰਹਿਣਾ, ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ ਧਾਰ ਚੋ ਲੈਣੀ। ਚਾਹੇ ਅੱਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁਧ ਦੇ ਦੇਣਾ, ਇਸ ਗਊ ਦਾ ਨਾਉਂ ਅਸੀਂ ਸਾਰਿਆਂ ਜਥੇ ਵਾਲਿਆਂ ਨੇ ਸੂਰਾ ਗਊ ਰਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ ਕਣੀਆਂ ਪੈਣ ਤੇ ਹੀ ਆਪਣੀ (ਧਰਤੀ ਵਿਚ) ਜਿਸ ਫ਼ਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ ਦੁਗਣਾ ਚੌਗਣਾ ਹੋ ਕੇ ਉਗਣਾ, ਐਸੀ ਬਰਕਤ ਸੀ ਇਹਨਾਂ ਦੀ ਕਮਾਈ ਵਿਚ। ਇਹਨਾਂ ਦੀ ਖੇਤੀ ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤ ਮਾਂਹ ਦਾ ਦਾਲਾ ਸਰਬਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ ਨਾਮ ਅਭਿਆਸੀ ਸੁਰਤੀ ਬਿਰਤੀ ਨਾਲ ਵਿੰਨ੍ਹ ਕੇ ਤਿਆਰ ਕਰਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂਹੋਂ ਨਾਂ ਲਹਿਣਾ। ਬੜਾ ਹੀ ਸਵਾਦਲਾ ਰਸ ਵਿਸਮਾਦ ਚਖਾਉਣਾ, ਇਹ ਮਾਂਹ ਦਾ ਦਾਲਾ ਹੋਇਆ ਕਰਦਾ ਸੀ। ਰੱਜ ਰੱਜ ਕੇ ਸੰਗਤਾਂ ਨੇ ਛਕਣਾ ਕਦੇ ਤੋਟ ਨਾ ਆਉਣੀ ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾਂ ਸਧਾਰਨ ਬਿਰਤੀ



www.AKJ.Org

ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਭਾਉਂਦਿਆਂ ਨਿਭਾਉਂਦਿਆਂ ਇਸ ਮਾਈ ਜੀ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਸਾਨੂੰ ਇਸ ਤਰ੍ਹਾਂ ਪਤਾ ਲਗਾ ਕਿ ਅਸੀਂ ਜਦੋਂ ਵੀ ਜਿਸ ਦਿਨ ਨਾਰੰਗਵਾਲ ਤੋਂ ਫਲੇਵਾਲ ਜਾਣਾ। ਚਾਹੇ ਕਿਸੇ ਵੇਲੇ ਜਾਈਏ ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲਸੀ ਅਤੇ ਮਿਸੇ ਪ੍ਰਸ਼ਾਦੇ ਤਿਆਰ ਕਰ ਦੇਣੇ ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ। ਇਕ ਵਾਰ ਅਸੀਂ ਪਰੇਮ ਗੁਫਤਾਰ ਕਰਦੇ ਕਰਕੇ ਮਾਈ ਜੀ ਤੋਂ ਪੁਛ ਬੈਠੇ ਕਿ ਜਦੋਂ ਵੀ ਅਸੀਂ ਏਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ ਤੁਸੀਂ ਸਾਡੇ ਆਇਆਂ ਨੂੰ ਸਜਰਾ ਅਹਾਰ ਰਖਦੇ ਹੋ ਤਹਾਨੂੰ ਇਹ ਕਿਵੇਂ ਪਤਾ ਲਗਦਾ ਹੈ ਕਿ ਅਸੀਂ ਆਵਨਾ ਹੈ। ਤਾਂ ਮਾਈ ਜੀ ਨੇ ਹਸਦੇ ਹਸਦੇ ਨੇ ਭਾਈ ਸਰਵਨ ਸਿੰਘ ਉਪਰ ਗੱਲ ਟਾਲ ਦਿਤੀ ਅਤੇ ਉਹਨਾਂ ਦੇ ਹੀ ਮਥੇ ਮੜ੍ਹ ਦਿਤੀ। (ਭਾਈ ਸਰਵਨ ਸਿੰਘ ਪਾਸ ਹੀ ਬੈਠੇ ਸਨ। ਮਾਈ ਕਹਿਣ ਲਗੀ ਭਾਈ ਮੈਨੂੰ ਤਾਂ ਸਰਵਨ ਸਿੰਘ ਹੀ ਦਸ ਦਿੰਦੇ ਹਨ ਕਿ ਮਾਈ ਪ੍ਰਸ਼ਾਦੇ ਆਦਿ ਤਿਆਰ ਕਰੋ ਬਾਈ ਜੀ ਆ ਰਹੇ ਹਨ। (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖਾਤਬ ਕਰ ਕੇ ਪੁਕਾਰਿਆ ਕਰਦੇ ਸਨ) 'ਓਦੋਂ ਹੀ ਮੈਨੂੰ ਸਰਵਨ ਸਿੰਘ ਹੋਰੀਂ ਦਸ ਦੇਂਦੇ ਸਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ। ਇਤਨੇ ਸਿੰਘ ਉਹਨਾਂ ਦੇ ਨਾਲ ਹਨ। ਉਹਨਾਂ ਦੇ ਮੋਢੇ ਤੇ ਸਫਾਜੰਗ ਹੈ ਅਤੇ ਇਸ ਪ੍ਰਕਾਰ ਖਾਲਸਈ ਬਾਣਾ ਉਹਨਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦਸਨਹਾਰ ਹੀ ਮੈਂ ਓਦੋਂ ਹੀ ਆਹਰ ਵਿਚ ਜੁਟ ਜਾਂਦੀ ਹਾਂ।'

ਮੈਂ ਭਾਈ ਸਰਵਨ ਸਿੰਘ ਜੀ ਨੂੰ ਕੈਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲਗ ਪਈ ਹੈ, ਹਜ਼ਮ ਨਹੀਂ ਹੁੰਦੀ, ਅਜਰ ਨੂੰ ਜਰਨਾ ਚਾਹੀਦਾ ਹੈ। ਅਗੋਂ ਭਾਈ ਸਰਵਨ ਸਿੰਘ ਜੀ ਹੱਸ ਕੇ ਬੋਲੇ—ਕਾਹਨੂੰ ਜੀ ਮੈਂ ਕਦੇ ਕਾਹਨੂੰ ਮਾਈ ਜੀ ਨੂੰ ਦਸਿਆ ਹੈ, ਇਹ ਸਭ ਕੁਝ ਮਾਈ ਜੀ ਨੂੰ ਆਪੇ ਹੀ ਸਫੁਰਨ ਹੁੰਦਾ ਹੈ। ਹੁਣ ਮੇਰੇ ਤੇ ਗਲ ਟਾਲਦੇ ਹਨ।

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾਲਾਪ ਹੋਈ। ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ। ਅਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘਟ ਵਧ ਹੀ ਮਾਈ ਜੀ ਵਲੋਂ ਆਪਣੀ ਅਵਸਥਾ ਦਾ ਜਨਾਵਣਾ ਹੋਇਆ। ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ। ਫਿਰ ਵੀ ਸਾਡੀ ਜੇਲ੍ਹ ਯਾਤਰਾ ਤੋਂ ਥੋੜਾ ਚਿਰ ਪਹਿਲਾਂ ਕਈ ਵਾਰ ਆਪ ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ। 'ਬਾਈ ਲੰਮੇ ਵਿਛੋੜੇ ਪੈਣੇ ਹਨ, ਸੁਖ ਹੋਵੇ' ਦਾਸ ਨੇ ਇਹ ਕਹਿ ਕੇ ਉਹਨਾਂ ਨੂੰ ਚੁਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ ਸੋ ਹੋ ਕੇ ਰਹਿਣਾ ਹੈ। ੧੯੧੪ ਤਾਈਂ ਇਸ ਦੰਪਤਿ ਜੋੜੀ ਨੇ ਖੂਬ ਸੇਵਾ ਸੁਰਤ ਨਿਭਾਈ। ਦਿਨੋ ਦਿਨ ਚੜ੍ਹਦੀ ਕਲਾ ਵਿਚ ਨਿਭਾਈ।

ਬਾਬਾ ਰਾਮ ਸਿੰਘ ਜੀ ਦੀ ਗੰਭੀਰਤਾ ਤੇ ਸਹਿਣਸ਼ੀਲਤਾ ਤਾਂ ਹੱਦ ਦਰਜੇ ਦੀ ਪੁਜੀ ਹੋਈ ਸੀ। ਮੇਰੇ ਨਾਲ ਉਹਨਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇਕ ਦਿਨ ਵੀ ਛਿਨ ਮਾਤਰ ਮੇਰੇ ਬਾਝੋਂ ਨਾ ਰਹਿ ਸਕਣ। ਜੋੜਮੇਲ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ। ਜਦੋਂ ਕਦੀ ਇਹਨਾਂ ਸਮਾਗਮਾਂ ਵਿਚ ਨਾਗਾ ਪੈ ਜਾਣਾ ਅਤੇ ਸਮਾਗਮ ਨਾ ਹੋਣੇ ਤਾਂ ਝਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਕੇ ਨਾਰੰਗਵਾਲ ਪੁਜ ਜਾਣਾ। ਨਾਮ ਸਿਮਰਨ ਦੇ ਖੰਡੇ ਖੜਕਾਉਣੇ ਸਭ ਨੇ ਮਿਲ ਕੇ ਕੀਰਤਨ ਅਰੰਭ ਕਰ ਦੇਣੇ। ਕੀਰਤਨ ਕਰਨ ਸੁਨਣ ਦੇ ਬੜੇ ਧਨੀ ਸਨ ਚਾਹੇ ਸਾਜ਼ ਕੋਈ ਵੀ ਨਹੀਂ ਵਜਾ ਸਕਦੇ ਸਨ। ਬਾਬੂ ਮੱਲ ਸਿੰਘ ਜੀ ਦੇ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਇਕ ਵਾਰ ਸਾਰਾ ਜਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ। ਬਾਬਾ ਰਾਮ ਸਿੰਘ ਜੀ ਦੀ ਕੀਰਤਨ ਕਰਦਿਆਂ ਤੁਰਿਆਂ ਜਾਂਦਿਆਂ ਹੀ ਲੋਟ ਪੋਟ ਦਸ਼ਾ ਹੋ ਗਈ। ਬਾਬੂ ਜੀ ਦੇ ਗ੍ਰਿਹ ਜਾਨ ਸਾਰ ਹੀ ਅਖੰਡ ਪਾਠ ਸਮਾਗਮ ਦੇ



www.AKJ.Org

ਤਿਆਰੇ ਅਰੰਭ ਕਰ ਦਿਤੇ ਇਸ ਦੰਪਤੀ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ। ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿਚ ਮਗਨ ਅਨੰਦ ਵਿਚ ਜੁਟੇ ਰਹਿਣ। ਬਾਬੂ ਜੀ ਦੇ ਵਡੇ ਭਰਾਤਾ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿਚ ਆ ਕੇ ਪੁਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀਂ। ਰਸਦ ਆਦਿ ਦੀ ਥੁੜ ਤਾਂ ਨਹੀਂ ? ਤਾਂ ਅਗੋਂ ਬਾਬਾ ਰਾਮ ਸਿੰਘ ਜੀ ਨੇ ਇਹ ਉਤਰ ਦੇਣਾ ਨਾ 'ਸਭ ਬੇਅੰਤ ਗਫੇ ਹਨ ਕਿਸੇ ਸ਼ੈ ਦੀ ਕੋਈ ਕਮੀ ਨਹੀਂ'। ਸਚ ਮੁਚ ਇਹਨਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿਚ ਥੁੜ ਆਉਂਦੀ ਹੀ ਨਹੀਂ ਸੀ।

ਭਾਣੇ ਦੇ ਚਕਰ ਅੰਦਰ ਅਸੀਂ ਹੋਰ ਸਜਣਾਂ ਸਮੇਤ ਲੁਧਿਆਣੇ ਜੇਲ ਵਿਚ ਆ ਨਜ਼ਰ ਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਜੀ ਨੂੰ ਭੀ ਫੜ ਕੇ ਲਿਆਂਦਾ, ਉਹ ਅਗੋਂ ਵੀ ਅਰਦਾਸਾ ਸੋਧੀ ਬੈਠੇ ਸਨ। ਜੇਲ ਵਿਚ ਆਉਣ ਕਰਕੇ ਉਹਨਾਂ ਦੇ ਸਰੀਰ ਨੂੰ ਬੜੀ ਕਠਨਾਈ ਹੋਈ। ਕਿਉਂਕਿ ਇਕ ਤਾਂ ਉਹਨਾਂ ਦੀ ਅਵਸਥਾ ਬਿਰਧ ਸੀ, ਦੂਜੇ ਬਬੇਕ ਸਰਬ ਲੋਹ ਦਾ ਪਹਿਰਾ ਸੀ ਉਹਨਾਂ ਦਾ। ਅਨਿਆਈ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇਕ ਵਾਰ ਤਾਂ ਸਾਰੇ ਜਥੇ ਨੂੰ ਉਮਰ ਕੈਦਾਂ ਸੁਣਾ ਦਿਤੀਆਂ। ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ ਦੋ ਸਾਲ ਦੀ ਹੀ ਕੈਦ ਰਹਿ ਗਈ, ਉਹ ਕੱਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ। ਬਾਹਰ ਆਉਣ ਪਰ ਉਹਨਾਂ ਨੂੰ ਪਰਮ ਵੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾਂ ਉਜਦੀ ਰਹੀ।

ਸਾਡੀਆਂ ਉਡੀਕਾਂ ਸਿੱਕਾਂ ਝਰੀਆਂ ਉਡੀਕਾਂ ਸਦਾ ਹੀ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪ੍ਰਲੋਕ ਨੂੰ ਪਿਆਨੇ ਕਰ ਗਏ। ਪਿਆਨੇ ਕਰਦਿਆਂ ਕਰਦਿਆਂ ਇਹਨਾਂ ਦੀ ਰੂਹ ਇਹਨਾਂ ਦੇ ਜਿਸਮ ਵਿਚੋਂ ਪਰਵਾਜ਼ ਕਰਕੇ ਸਾਨੂੰ ਜੇਲ ਵਿਚ ਬੈਠਿਆਂ ਨੂੰ ਫਤਹ ਬੁਲਾਕੇ ਗੁਰਪੁਰੀ ਸਿਧਾਰੀ ਗਈ।

ਭਾਣੇ ਦੀ ਕਾਰ ਹੀ ਐਸੀ ਸੀ ਪਰ ਬੜੀ ਖੁਸ਼ੀ ਵਾਲੀ ਗਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਕੇ ਰੰਗਾਂ ਵਿਚ ਇਹਨਾਂ ਦੀ ਵਿਹਾਈ। ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ ਪਤੀ ਜੀ ਦੇ ਵੈਰਾਗ ਵਿਚ ਹਾਲੋਂ ਬੇਹਾਲ ਹੋ ਗਏ। ਸਾਡੇ ਰਿਹਾ ਹੋ ਕੇ ਬਾਹਰ ਆਉਂਦਿਆਂ ਨੂੰ ਚਾਹੇ ਮਾਈ ਪ੍ਰੇਮ ਕੌਰ ਜੀ ਜਿਉਂਦੇ ਸਨ ਪਰ ਹੋਸ਼ ਹਵਾਸ ਉਹਨਾਂ ਦੇ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ ਵਿਚ ਮਜਜ਼ੂਬ ਰਹਿੰਦੇ ਸਨ। ਸਾਨੂੰ ਜੇਲ ਵਿਚੋਂ ਰਿਹਾ ਹੋ ਕੇ ਆਉਂਦਿਆਂ ਨੂੰ ਬਹਿਬਲ ਹੋ ਕੇ ਮਿਲੇ। ਪ੍ਰਸਪਰ ਪ੍ਰੇਮ ਕਹਾਣੀਆਂ ਕੀਤੀਆਂ ਔਰ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਬਸੇ। ਉਸ ਗੁਰਪੁਰੀ ਵਿਚ ਹੀ ਜਾਏ ਵਸੇ ਜਿਥੇ ਬਾਬਾ ਰਾਮ ਸਿੰਘ ਜੀ ਪਧਾਰੇ ਸਨ।

(ਚਲਦਾ)

## ਰਿਸ਼ਤੇ ਨਾਤੇ—

ਇਕ ਭੁਝੰਗੀ ਉਮਰ ੨੬ ਸਾਲ ਲਈ ਇਕ ਤਿਆਰ ਬਰ ਤਿਆਰ ਸਿੰਘਣੀ ਦੀ ਲੋੜੀ ਹੈ। ਭੁਝੰਗੀ ਏਅਰ ਫ਼ੋਰਸ ਵਿਚ ਨੌਕਰੀ ਕਰਦਾ ਹੈ ਤੇ ਤਨਖਾਹ ੪੭੫ ਰੁਪੈ ਮਹੀਨਾ ਹੈ।

ਪਤਾ:—ਦੀਦਾਰ ਸਿੰਘ
੧੬/੩, ਰਣਜੀਤਪੁਰਾ, ਪੋਸਟ ਆਫ਼ਸ ਖਾਲਸਾ ਕਾਲਜ,
ਅੰਮ੍ਰਿਤਸਰ



www.AKJ.Org

# ਦੀਵਾ ਬਲੇ ਅੰਧੇਰਾ ਜਾਇ

(ਵਲੋਂ—ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਦੀਗੜ੍ਹ)

ਜ਼ਫਰਨਾਮੇ ਤੋਂ ਉਪ੍ਰੰਤ ਸਾਡੇ ਪਾਸ ਫਾਰਸੀ ਦੀਆਂ ਹੋਰ ਪੁਸਤਕਾਂ ਆਉਂਦੀਆਂ ਹਨ ਜਿਨ੍ਹਾਂ ਤੋਂ ਸਿਖ ਇਤਹਾਸ ਦਾ ਪਤਾ ਲਗਦਾ ਹੈ। ਇਹਨਾਂ ਦੀ ਸੂਚੀ ਇਸ ਪ੍ਰਕਾਰ ਹੈ—ਤੋਜ਼ਕੇ ਬਾਬਰੀ, ਤੋਜ਼ਕੇ ਜਹਾਂਗੀਰੀ, ਦਬਸਤਾਨੇ ਮਜ਼ਾਹਿਬ, ਖੁਲਾਸਾ ਉਲ ਤਵਾਰੀਖ, ਮੁਖਤਿਖਿਬਲ ਲੁਲਾਬ, ਜ਼ਫਰਨਾਮਾ ਰਣਜੀਤ ਸਿੰਘ, ਜਿਕਰਇ-ਗੁਰੂਆਂ ਵਾ ਇਬਤਦਾ-ਇ ਸਿੰਘਾਂ ਵਾ ਮਜ਼ਬੇਏਸ਼ੀਆ, ਆਇਨੇ ਅਕਬਰੀ, ਤਾਰੀਖੇ ਦਾਊਦੀ।

ਹੁਣ ਅਸੀਂ ਹਰ ਇਕ ਨੂੰ ਵਾਰੋ ਵਾਰੀ ਲੈਂਦੇ ਹਾਂ। ਤੋਜ਼ਕੇ ਬਾਬਰੀ ਵਿਚ ਪੰਜਾਬ ਦੀ ਉਸ ਸਮੇਂ ਦੀ ਅਖੀਂ ਡਿਠੀ ਹਾਲਤ ਬਾਬਰ ਨੇ ਬਿਆਨ ਕੀਤੀ ਹੈ। ਲਿਖਦਾ ਹੈ– 'ਇਥੋਂ ਦੇ ਲੋਕਾ ਨੂੰ ਮਿਤਰਚਾਰੀ ਤੇ ਮੇਲ ਮਿਲਾਪ ਦੀ ਕੋਈ ਸੂਝ ਸਮਝ ਨਹੀਂ। ਪੰਜਾਬ ਦੇ ਲੋਕ ਬਿਦੇਸ਼ੀਆਂ ਤੋਂ ਬੜੇ ਘਿਰਨਾਂ ਕਰਦੇ ਸਨ। ਉਹਨਾਂ ਕੋਲ ਨਾ ਹੀ ਵਧੀਆ ਫੁਰਤੀਲੇ ਘੋੜੇ ਸਨ। ਇਥੋਂ ਦੇ ਲੋਕਾਂ ਬਰਫ਼ ਨਹੀਂ ਸੀ ਵੇਖੀ ਹੋਈ। ਇਨ੍ਹਾਂ ਪਾਸ ਨਾ ਹੀ ਚੰਗੇ ਫਲ ਸਨ। ਪੰਜਾਬੀਆਂ ਦੇ ਘਰਾਂ ਵਿਚ ਮੋਮਬੱਤੀ ਤੇ ਮਿਸ਼ਾਲਾਂ ਵੀ ਨਹੀਂ ਸਨ। ਇਹ ਲੋਕ ਝੌਂਪੜੀਆਂ ਵਿਚ ਮਿੱਟੀ ਦੇ ਦੀਵੇ ਰੌਸ਼ਨੀ ਲਈ ਬਾਲਦੇ ਸਨ।

ਤੋਜ਼ਕੇ ਜਹਾਂਗੀਰੀ ਵਿਚ ਜਹਾਂਗੀਰ ਨੇ ਆਪਣੀ

## ਸਹਾਰਨਪੁਰ ਤੇ ਡੇਹਰਾਦੂਨ ਵਿਚ ਰੈਣ ਸਬਾਈ ਕੀਰਤਨ ਦੀ ਵਰਖਾ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਅਸ਼ੀਰਵਾਦ ਤੇ ਦਸਮੇਸ਼ ਪਿਤਾ ਜੀ ਦੀਆਂ ਮੇਹਰਾਂ ਦੇ ਕਾਰਨ ੧੩ ਅਪਰੈਲ ਨੂੰ ਵਿਸਾਖੀ ਦੇ ਸਮੇਂ ਪਰ ਖਾਲਸਾ ਜੀ ਦਾ ਜਨਮ ਉਤਸ਼ਵ ਮਨਾਉਂਦਿਆਂ ਹੋਇਆਂ ਇਸਤ੍ਰੀ ਸਤਿਸੰਗ ਸਹਾਰਨਪੁਰ ਦੇ ਸਦੇ ਅਨੁਸਾਰ ਅਖੰਡ ਕੀਰਤਨੀ ਜਥੇ ਜਵਾਲਾਪੁਰ (ਹਰਿਦਵਾਰ) ਨੇ ਰੈਣ ਸਬਾਈ ਦੇ ਕੀਰਤਨ ਕੀਤੇ ਜਿਸ ਵਿਚ ਸੰਗਤਾਂ ਨੇ ਬਹੁਤ ਪਰੇਮ ਨਾਲ ਕੀਰਤਨ ਵਿਚ ਹਿਸਾ ਲੈ ਕੇ ਜਥੇ ਦੇ ਸੇਵਕਾਂ ਦੀ ਹੌਸਲਾ ਅਫ਼ਜਾਈ ਕੀਤੀ ਤੇ ਕੀਰਤਨ ਰਸ ਮਾਣੇ।

੧੮ ਅਪਰੈਲ ਸਨੀਚਰਵਾਰ ਸ਼ਾਮ ਦੇ 9 ਵਜੇ ਤੋਂ ਲੈ ਕੇ 5–30 ਵਜੇ ਸਵੇਰੇ ਤਕ ਇਕ ਹੋਰ ਰੈਣ ਸਬਾਈ ਕੀਰਤਨ ਡੇਹਰਾਦੂਨ ਵਿਚ ਕਲਗੀਧਰ ਸੇਵਕ ਜਥੇ ਡੇਹਰਾਦੂਨ ਦੀ ਪਰੇਰਨਾਂ ਅਨੁਸਾਰ ਭਾਈ ਪ੍ਰਤਾਪ ਸਿੰਘ ਜੀ ਕੋਹੇ-ਨੂਰ ਦੀ ਕੋਠੀ ਤੇ ਅਖੰਡ ਕੀਰਤਨੀ ਜਥੇ ਜਵਾਲਾਪੁਰ (ਹਰਿਦਵਾਰ) ਵਲੋਂ ਹੋਏ, ਜਿਸ ਵਿਚ ਕਲਗੀਧਰ ਸੇਵਕ ਜਥਾ ਡੇਹਰਦੂਨ ਨੇ ਵੀ ਕੀਰਤਨ ਵਿਚ ਹਿਸਾ ਪਾਇਆ। ਗੁਰ ਦਸਮੇਸ਼ ਪਿਤਾ ਦੀਆਂ ਮੇਹਰਾਂ ਹੋਈਆਂ ਤੇ ਸੰਗਤਾਂ ਕੀਰਤਨ ਸੁਣ ਕੇ ਦਾਤੇ ਦੇ ਸ਼ੁਕਰਾਨੇ ਵਿਚ ਆਈਆਂ।

ਵਾਹਿਗੁਰੂ ਕੀਰਤਨੀਆਂ ਸਿੰਘ ਸਿੰਘਨੀਆਂ ਨੂੰ ਹੋਰ ਉਤਸ਼ਾਹ ਨਾਲ ਕੀਰਤਨ ਕਰਨ ਦਾ ਬਲ ਬਖਸ਼ੇ।

ਦਾਸ—ਹਰਿਚੰਦ ਸਿੰਘ, ਮਹਿੰਦਰ ਸਿੰਘ ਅਖੰਡਕੀਰਤਨੀ ਜਥਾ, ਜਵਾਲਾਪੁਰ (ਹਰਿਦਵਾਰ) ਯੂ. ਪੀ.



www.AKJ.Org

ਸਵੈ-ਜੀਵਨੀ ਲਿਖੀ ਹੈ ਇਸ ਤੋਂ ਪਤਾ ਚਲਦਾ ਹੈ ਕਿ ਜਹਾਂਗੀਰ ਕਿਵੇਂ ਤੰਗ ਦਿਲ ਸੀ ਜੋ ਸਿਖ ਧਰਮ ਦੀ ਚੜ੍ਹਦੀ ਕਲਾ ਨੂੰ ਵੇਖਕੇ ਖਾਰ ਖਾਂਦਾ ਸੀ ਤੇ ਵਧ ਰਹੇ ਪ੍ਰਚਾਰ ਨੂੰ ਰੋਕਣਾ ਚਾਹੁੰਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੀ ਕਟੜ ਪਾਲਿਸੀ ਦਾ ਕਿਵੇਂ ਸ਼ਿਕਾਰ ਹੋਏ ਇਸ ਦਾ ਪੱਕਾ ਸਬੂਤ ਵੇਖਿਆ ਜਾ ਸਕਦਾ ਹੈ। ਤੋਜ਼ਕੇ ਜਹਾਂਗੀਰੀ ਵਿਚ ਜਹਾਂਗੀਰ ਲਿਖਦਾ ਹੈ—ਬਿਆਸਾ ਦੇ ਕੰਢੇ ਗੋਇੰਦ-ਵਾਲ ਵਿਚ ਪੀਰਾਂ ਫਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਰਹਿੰਦਾ ਸੀ। ਭੋਲੇ ਭਾਲੇ ਤੇ ਬੇਸਮਝ ਮੂਰਖ ਲੋਕਾਂ ਨੇ ਉਸ ਦੇ ਉਚੇ ਹੋਣ ਦਾ ਢੋਲ ਵਜਾ ਰਖਿਆ ਸੀ ਉਹ ਉਸ ਨੂੰ ਗੁਰੂ ਮੰਨਦੇ ਸਨ। ਫਰੇਬੀ ਤੇ ਪੁਜਾਰੀ ਲੋਕ ਉਸ ਤੇ ਸ਼ਰਧਾ ਰਖਦੇ ਸਨ ਤਿੰਨ ਚਾਰ ਪੁਸ਼ਤਾਂ ਤੋਂ ਇਹ ਝੂਠ ਦੀ ਦੁਕਾਨ ਚਲ ਰਹੀ ਸੀ। ਕਾਫੀ ਦਿਨਾਂ ਤੋਂ ਮੇਰੇ ਦਿਲ ਵਿਚ ਵਿਚਾਰ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਕੇ ਉਸ ਨੂੰ ਆਪਣੇ ਹਮ ਮਜ਼ਬ ਵਿਚ ਲਿਆਉਣਾ ਚਾਹੀਦਾ ਹੈ ਸੋ ਮੈਂ ਉਸ ਨੂੰ ਮਾਰ ਮੁਕਾਉਣ ਦਾ ਹੁਕਮ ਦਿਤਾ।

ਜਹਾਂਗੀਰ ਦੀ ਉਪਰਲੀ ਟੂਕ ਤੋਂ ਪਤਾ ਲਗਦਾ ਹੈ ਕਿ ਜਹਾਂਗੀਰ ਸਿਖ ਧਰਮ ਦੇ ਪ੍ਰਚਾਰ ਨੂੰ ਜ਼ਬਰ-ਦਸਤੀ ਰੋਕਣਾ ਚਾਹੁੰਦਾ ਸੀ। ਸਿਖ ਧਰਮ ਦੇ ਵਧ ਰਹੇ ਪ੍ਰਚਾਰ ਨੂੰ ਜੋ ਅਜੇ ਨਿਰੋਲ ਧਾਰਮਕ ਸੀ ਜਹਾਂ-ਗੀਰ ਆਪਣੇ ਰਾਜ ਲਈ ਖਤਰਾ ਸਮਝਦਾ ਸੀ। ਸਰ ਜਾਦੂ ਨਾਥ ਸਰਕਾਰ ਇਤਿਹਾਸਕਾਰ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਵਲੋਂ ਦਿਤੀ ਗਈ ਸਜ਼ਾ ਮਾਮੂਲੀ ਸੀ। ਇਹੋ ਜਹੀਆਂ ਸਜ਼ਾਵਾਂ ਤਾਂ ਉਸ ਸਮੇਂ ਆਮ ਚੋਰਾਂ ਡਾਕੂਆਂ ਤੋਂ ਛੋਟੇ ਮੋਟੇ ਅਪਰਾਧੀਆਂ ਨੂੰ ਦਿਤੀਆਂ ਜਾਂਦੀਆਂ ਸਨ ਪਰੰਤੂ ਗੁਰੂ ਜੀ ਤਾਂ ਇਕ ਪੁਲੀਟੀਕਲ ਬਾਗ਼ੀ ਸਨ। ਅਜਿਹੇ ਸਿਆਸੀ ਬਾਗ਼ੀ ਲਈ ਇਹ ਸਜ਼ਾ ਮਾਮੂਲੀ ਸੀ ਪਰੰਤੂ ਜਾਦੂ ਨਾਥ ਸ੍ਰਕਾਰ ਨੂੰ ਇਹ ਆਖਣਾ ਬਣਦਾ ਨਹੀਂ। ਜਾਦੂ ਨਾਥ ਸਰਕਾਰ ਨੂੰ ਇਹ ਪਤਾ ਨਹੀਂ ਕਿ ਗੁਰੂ ਜੀ ਕਿਹੜੀ ਸਿਆਸਤ ਕਮਾਉਂਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੀਕ ਤਾਂ ਸਿਖਾਂ ਨੇ ਸਿਆਸਤ ਵਿਚ ਪੈਰ ਰਖਿਆ ਹੀ ਨਹੀਂ ਸੀ। ਫਿਰ ਕਿਵੇਂ ਆਖੀਏ ਕਿ ਗੁਰੂ ਜੀ ਸਿਆਸੀ ਬਾਗ਼ੀ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗੁਰੂ ਅਰਜਨ ਸਾਹਿਬ ਨੇ ੧੬੦੪ ਈਸਵੀ ਨੂੰ ਤਿਆਰ ਕਰ ਕੇ ਹਰਿਮੰਦਰ ਸਾਹਿਬ ਪ੍ਰਕਾਸ਼ ਕਰ ਕੇ ਬਾਬਾ ਬੁਢਾ ਜੀ ਨੂੰ ਪਹਿਲੇ ਗਰੰਥੀ ਥਾਪਿਆ। ਪਰੰਤੂ ਜਹਾਂਗੀਰ ਸਿਧਿਆਂ ਹੀ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਬੰਦ ਕਰਨਾ ਚਾਹੁੰਦਾ ਸੀ ਜਿਵੇਂ ਕਿ ਉਸ ਨੇ ਗੁਰੂ ਅਰਜਨ ਸਾਹਿਬ ਨੂੰ ਆਖਿਆ ਸੀ ਜਾਂ ਤਾਂ ਇਸ ਵਿਚ ਇਸਲਾਮ ਦੇ ਸ਼ਬਦ ਜੋ ਅਸੀਂ ਦਸਦੇ ਹਾਂ ਚੜ੍ਹਾ ਦੇਵੋ ਜਾਂ ਜੋ ਇਸ ਵਿਚ ਇਸਲਾਮ ਦੀ ਨਿਖੇਧੀ ਕੀਤੀ ਗਈ ਹੈ ਉਸ ਨੂੰ ਕੱਢ ਦਿਉ। ਗੁਰੂ ਜੀ ਨੇ ਕਿਹਾ ਜਹਾਂਗੀਰ ਪੂਰੇ ਗੁਰੂ ਦਾ ਸਭ ਕਿਛ ਪੂਰਾ ਘਟ ਵਧ ਕੋ ਨਾਹੀ। ਇਸ ਵਿਚ ਸਾਨੂੰ ਕੋਈ ਖਾਮੀ ਨਹੀਂ ਲਗਦੀ ਅਸੀਂ ਨਾ ਇਸ ਵਿਚ ਕੁਝ ਤੇਰੇ ਕਹਿਆਂ ਸ਼ਾਮਲ ਕਰ ਸਕਦੇ ਹਾਂ ਨਾਂ ਵਿਚੋਂ ਕੁਝ ਕੱਢ ਸਕਦੇ ਹਾਂ। ਰਬੀ ਮਾਮਲਿਆਂ ਵਿਚ ਜ਼ੋਰ ਨਹੀਂ ਚਲ ਸਕਦਾ। ਗੁਰੂ ਗਰੰਥ ਸਾਹਿਬ ਵਿਚ ਕਿਸੇ ਧਰਮ ਦਾ ਦਿਲ ਦੁਖਾਣ ਵਾਲੀ ਕੋਈ ਗਲ ਨਹੀਂ ਕੀਤੀ ਗਈ। ਜਹਾਂਗੀਰ ਨੇ ਗੁਰੂ ਜੀ ਤੇ ਦੋ ਲਖ ਦਾ ਭਾਰੀ ਜੁਰਮਾਨਾ ਬਿਨਾਂ ਕਿਸੇ ਕਾਰਨ ਦੇ ਕਰ ਦਿਤਾ। ਗੁਰੂ ਜੀ ਨੇ ਕਹਿਆ ਪਹਿਲੇ ਤਾਂ ਸਾਧੂ ਫਕੀਰਾਂ ਪਾਸ ਫਾਲਤੂ ਚੱਟੀਆਂ ਭਰਨ ਲਈ ਪੈਸੇ ਹੀ ਨਹੀਂ ਹੁੰਦੇ। ਦੂਜੇ ਮੈਂ ਕੋਈ ਅਪਰਾਧੀ ਨਹੀਂ ਜੋ ਇਡਾ ਭਾਰੀ ਜੁਰਮਾਨਾਂ ਤਾਰਾਂ, ਜੁਰਮਾਨਾ ਅਪ-ਰਾਧੀ ਦੇਂਦਾ ਹੈ ਮੈਂ ਅਪਰਾਧੀ ਨਹੀਂ ਹਾਂ ਜਹਾਂਗੀਰ ਕਿਹਾ ਆਖਰੀ ਦੋ ਸ਼ਬਦਾਂ ਵਿਚੋਂ ਇਕ ਮੰਨ ਲਓ, ਜਾਂ ਇਸਲਾਮ ਕਬੂਲ ਲਉ ਜਾਂ ਮਰਨ ਲਈ ਤਿਆਰ ਹੋ ਜਾਉ ਗੁਰੂ ਜੀ ਨੇ ਕਿਹਾ ਅਕਾਲ ਪੁਰਖ ਦੇ ਹੁਕਮ ਨਾਲ ਸਾਬਤ ਸੂਰਤ ਰਹਿਣਾ ਹੈ ਇਥੇ ਡਰ ਦੀ ਲੋੜ ਨਹੀਂ ਇਸਲਾਮ ਮਨਜ਼ੂਰ ਨਹੀਂ ਮੈਂ ਮਰਨ ਲਈ ਤਿਆਰ ਹਾਂ—



www.AKJ.Org

'ਵਖਤੈ ਉਪਰ ਲੜ ਮੁਏ ਸੇ ਸੂਰੇ ਵਰਿਆਮ' ਸੋ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰਕੇ ਜਹਾਂਗੀਰ ਕਸ਼ਮੀਰ ਚਲਾ ਗਿਆ। ਚੰਦੂ ਪਹਿਲੋਂ ਹੀ ਗੁਰੂ ਜੀਤੋਂ ਬਦਲਾ ਲੈਣਾ ਚਾਹੁੰਦਾ ਸੀ।

ਕਿਉਂਕਿ ਜੋ ਉਸਨੂੰ ਆਪਣੀ ਲੜਕੀ ਦੇ ਰਿਸ਼ਤੇ ਸਬੰਧੀ ਜਾਤੀ ਦੁਸ਼ਮਣੀ ਸੀ। ਗੁਰੂ ਜੀ ਨੇ ਝੂਠੇ ਦਾ ਸਾਕ ਲੈਣਾ ਨਹੀਂ ਸੀ ਮੰਨਿਆ। ਸੋ ਗੁਰੂ ਜੀ ਨੂੰ 30 ਮਈ 1606 ਈਸਵੀ ਵਿਚ ਤਸੀਹੇ ਦੇ ਕੇ ਲਾਹੌਰ ਰਾਵੀ ਦੇ ਕੰਢੇ ਸ਼ਹੀਦ ਕੀਤਾ ਗਿਆ।

ਚੰਦੂ ਦੀ ਜ਼ਾਤੀ ਦੁਸ਼ਮਣੀ ਵੀ ਵਡਾ ਕਾਰਨ ਸੀ। ਜਹਾਂਗੀਰ ਦੇ ਪੁਤਰ ਬਾਗੀ ਖੁਸਰੋ ਦੀ ਬਗਾਵਤ ਗੁਰੂ ਜੀ ਦੀ ਸ਼ਹਾਦਤ ਦਾ ਵਡਾ ਕਾਰਨ ਨਹੀਂ। ਇਹ ਪਿਛੇ ਲਗ ਛੋਟੇ ਛੋਟੇ ਕਾਰਨ ਹਨ। ਗੁਰੂ ਜੀ ਦੀ ਸ਼ਹਾਦਤ ਦਾ ਵਡਾ ਕਾਰਨ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦਾ ਸੰਪਾਦਿਤ ਕਰਨਾ ਹੈ। ਜਦੋਂ ਜਹਾਂਗੀਰ ਧਾਰਮਕ ਗਰੰਥ ਨੂੰ ਬੰਦ ਕਰਨਾ ਆਖਦਾ ਹੈ ਗੁਰੂ ਜੀ ਮੰਨਦੇ ਨਹੀਂ ਤੇ ਕਹਿੰਦੇ ਹਨ ਕਿ ਇਹ ਜੁਗੋ ਜੁਗ ਅਟੱਲ ਰਹੇਗਾ। ਬਸ ਸ਼ਹਾਦਤ ਇਥੇ ਹੀ ਹੋ ਜਾਂਦੀ ਹੈ।

ਗੁਰੂ ਗਰੰਥ ਸਾਹਿਬ ਦਾ ਮਾਮਲਾ ਨਿਰੋਲ ਧਾਰਮਕ ਮਾਮਲਾ ਹੈ ਸੋ ਇਹ ਸ਼ਹਾਦਤ ਵੀ ਗੁਰੂ ਗਰੰਥ ਸਾਹਿਬ ਜੀ ਲਈ ਹੋਈ। ਸੋ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਧਾਰਮਕ ਕਾਰਨਾਂ ਕਰਕੇ ਹੋਈ ਨਾ ਕਿ ਸਿਆਸੀ ਕਾਰਨਾਂ ਕਰਕੇ। ਅਜੇ ਤਾਂ ਸਿਰਫ ਗੁਰੂ ਗਰੰਥ ਸਾਹਿਬ ਦੀ ਬੀੜ ਬਣੀ ਹੀ ਸੀ ਕਿ ਜਹਾਂਗੀਰ ਨੇ ਟੰਗ ਅੜਾ ਦਿਤੀ ਤੇ ਗੁਰੂ ਜੀ ਨੂੰ ਸ਼ਹਾਦਤ ਦੇਣੀ ਪਈ। ਦਬਸਤਾ ਨੇ ਮਹਾਜਬ ਦੇ ਲੇਖਕ ਮੁਹਸ਼ਨ ਫਾਨੀ ਦਾ ਇਹ ਲਿਖਣਾ ਕਿ ਗੁਰੂ ਅਰਜਨ ਦੇਵ ਜੀ ਨੇ ਬਾਗੀ ਖੁਸਰੋ ਲਈ ਗੱਦੀ ਦੇ ਹੱਕ ਵਿਚ ਅਰਦਾਸ ਕੀਤੀ। ਮਿਸਟਰ ਮੈਕਾਲਫ (ਅੰਗਰੇਜ਼ ਇਤਿਹਾਸਕਾਰ) ਅਨੁਸਾਰ ਠੀਕ ਨਹੀਂ। ਗੁਰੂ ਜੀ ਕਿਸੇ ਨੂੰ ਤਖ਼ਤ ਨਹੀਂ ਸਨ ਦਿਵਾਂਦੇ ਫਿਰਦੇ। ਗੁਰੂ ਜੀ ਨੂੰ ਕੀ ਲੋੜ ਸੀ ਜਹਾਂਗੀਰ ਦੇ ਬਾਗੀ ਪੁਤਰ ਖੁਸਰੋ ਦੀ ਸਹਾਇਤਾ ਕਰਨ ਦੀ। ਖੁਸਰੋ ਨੇ ਤਾਂ ਸਿਰਫ ਅੰਮ੍ਰਿਤਸਰ ਆ ਕੇ ਲੰਗਰ ਵਿਹ ਪ੍ਰਸ਼ਾਦਾ ਹੀ ਛਕਿਆ ਸੀ। ਲੰਗਰ ਗੁਰੂ ਘਰ ਵਿਚ ਸਭ ਲਈ ਖੁਲਾ ਹੈ। ਗੁਰੂ ਜੀ ਉਸ ਨੂੰ ਲੰਗਰ ਵਿਚੋਂ ਰੋਟੀ ਖਾਣ ਤੋਂ ਕਿਉਂ ਰੋਕਦੇ। ਲੰਗਰ ਹਰ ਇਕ ਲਈ ਹੈ। ਖੁਸਰੋ ਰੋਟੀ ਖਾ ਕੇ ਅਗੇ ਨਿਕਲ ਗਿਆ। ਗੁਰੂ ਜੀ ਨੇ ਉਸ ਦੇ ਮਥੇ ਉਤੇ ਰਾਜਗੀਰੀ ਦਾ ਕੋਈ ਤਿਲਕ ਨਹੀਂ ਲਾਇਆ। ਇਹ ਤਾਂ ਜਹਾਂਗੀਰ ਨੇ ਬਹਾਨਾ ਬਣਾ ਕੇ ਗੁਰੂ ਜੀ ਨੂੰ ਬਾਗੀ ਸਾਬਤ ਕਰਨ ਲਈ ਗੁਰੂ ਜੀ ਉਤੇ ਐਵੇਂ ਝੂਠਾ ਦੋਸ਼ ਥਾਪਿਆ ਸੀ। ਕਿ ਤੂੰ ਮੇਰੇ ਬਾਗੀ ਪੁਤਰ ਦੀ ਮਦਦ ਕੀਤੀ ਹੈ। ਅਸਲ ਰੜਕ ਜਹਾਂਗੀਰ ਨੂੰ ਗੁਰੂ ਜੀ ਦੇ ਧਰਮ ਪ੍ਰਚਾਰ, ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦੀ ਸੀ। ਜਹਾਂਗੀਰ ਐਵੇਂ ਝੂਠੇ ਬਹਾਨੇ ਤੇ ਊਜ ਲਾ ਕੇ ਗੁਰੂ ਜੀ ਨੂੰ ਖਤਮ ਕਰਨਾ ਚਾਹੁੰਦਾ ਸੀ। ਕੀ ਇਹ ਠੀਕ ਨਹੀਂ ਕਿ ਪੰਚਮ ਪਾਤਸ਼ਾਹ ਜਹਾਂਗੀਰ ਦੀ ਤੰਗ ਦਿਲੀ ਤੇ ਝੂਠੀ ਜ਼ਾਲਮ ਪਾਲਸੀ ਦਾ ਸ਼ਿਕਾਰ ਹੋਏ ?—ਗੁਰੂ ਜੀ ਨੇ ਕੋਈ ਬਗਾਵਤ ਨਹੀਂ ਕੀਤੀ ਨਾ ਹੀ ਕਿਸੇ ਰਾਜਸੀ ਕੰਮ ਵਿਚ ਭਾਗ ਲਿਆ। ਸਰ ਜਾਦੂ ਨਾਥ ਸਰਕਾਰ ਦਾ ਗੁਰੂ ਜੀ ਨੂੰ ਬਾਗੀ ਲਿਖਣਾ ਤੇ ਆਖਣਾ ਗੁਰੂ ਜੀ ਨੂੰ ਜੋ ਸਜ਼ਾ ਦਿਤੀ ਗਈ ਮਾਮੂਲੀ ਸਜ਼ਾ ਸੀ ਗਲਤ ਹੈ। ਅਜੇਹੀ ਸਜ਼ਾ ਨੂੰ ਮਾਮੂਲੀ ਕਿਵੇਂ ਆਖ ਸਕਦੇ ਹਾਂ ਜਿਸ ਵਿਚ ਇਕ ਬੰਦੇ ਉਤੇ ਤੱਤੀ ਰੇਤ ਪਾ ਕੇ ਸਰੀਰ ਨੂੰ ਸਾੜਿਆ ਜਾਵੇ ਉਸ ਨੂੰ ਤੱਤੀ ਤਪਦੀ ਲੋਹ ਤੇ ਬਿਠਾਇਆ ਜਾਵੇ। ਇਹ ਤਾਂ ਸਖਤ ਤੋਂ ਸਖਤ ਸਜ਼ਾ ਦਿਤੀ ਗਈ ਸੀ। ਇਸ ਤੋਂ ਵਧ ਸਖਤ ਸਜ਼ਾ ਹੋਰ ਕੀ ਹੋ ਸਕਦੀ ਹੈ ?

ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਨੇ ਵੀ **A Short History of Sikhs** ਵਿਚ ਬੇਪਖਾ ਫੈਸਲਾ ਦੇ ਕੇ ਸਾਬਤ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਧਾਰਮਕ ਕਾਰਨਾਂ ਕਰਕੇ ਹੋਈ ਨਾਕਿ ਸਿਆਸੀ ਕਾਰਨਾਂ ਕਰਕੇ। ਪ੍ਰਿੰਸੀਪਲ ਤੇਜਾ ਸਿੰਘ ਜੀ ਲਿਖਦੇ ਹਨ—ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿਖਾਂ ਨੂੰ ਦਸ ਦਿਤਾ ਜੇਕਰ ਉਹ ਜਿਉਣਾ ਲੋੜਦੇ ਹਨ ਤਾਂ ਉਹਨਾਂ ਨੂੰ ਸ਼ਸਤਰਧਾਰੀ ਹੋਣਾ ਪਵੇਗਾ।



www.AKJ.Org

# ਨਾਮ ਸਿਮਰਨ

(ਵਲੋਂ–ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ (ਯੂ. ਪੀ.)

'ਨਾਮ' ਅਖਰ ਸਾਧਾਰਨ ਰੂਪ ਵਿਚ ਕਿਸੇ ਵਸਤੂ, ਮਨੁਖ, ਸਥਾਨ ਇਤਿਆਦ ਦਾ ਬੋਧਕ ਹੈ ਪਰ ਇਸਦਾ ਮਤਲਬ ਗੁਰਮਤਿ ਰੀਤੀ ਨਾਲ ਕਰਨ ਤੇ

ਇਹ ਉਸ ਦਾਤੇ ਦੇ ਨਾਮ ਦਾ ਪ੍ਰਤੀਕ ਹੈ। ਉਸ 'ੴ' ਦਾਤੇ ਦੇ ਅਨੇਕ ਹੀ ਨਾਮ ਹਨ ਜੋ ਕਿ ਉਸਦੇ ਗੁਣਾਂ ਕਰ ਕੇ ਭਗਤਾਂ ਤੇ ਰਿਸ਼ੀਆਂ ਮੁਨੀਆਂ ਨੇ ਉਸ ਲਈ ਉਚਾਰਨ ਕੀਤੇ ਹਨ ਇਹ ਨਾਮ ਦੋ ਪ੍ਰਕਾਰ ਦੇ ਹਨ। ਕਿਰਤਮ ਤੇ ਅਸਲੀ ਕਿਰਤਮ ਨਾਮ ਉਹ ਸਾਰੇ ਸਾਰੇ ਨਾਮ ਹਨ ਜਿਹੜੇ ਕਿ ਉਸਦੇ ਗੁਣਾਂ ਨੂੰ ਪ੍ਰਗਟ ਕਰਨ ਵਾਸਤੇ ਕਹੇ ਯਾ ਲਿਖੇ ਜਾ ਸਕਦੇ ਹਨ ਯਾ ਲਿਖੇ ਗਏ ਹਨ। ਸ੍ਰੀ ਜਾਪ ਸਾਹਿਬ ਤੇ ਅਕਾਲ ਉਸਤਤ ਵਿਚ ਤੇ ਹੋਰ ਬਾਣੀਆਂ ਵਿਚ ਬਹੁਤ ਸਾਰੇ ਪ੍ਰਮਾਤਮਾ ਦੇ ਨਾਮ ਦਰਜ ਹਨ। ਅਸਲੀ ਨਾਮ ਉਹ 'ਵਾਹਿਗੁਰੂ' ਸ਼ਬਦ ਹੈ ਜੋ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰੇ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਮਤਿ ਰੀਤੀ ਅਨੁਸਾਰ ਗੁਰੂ ਆਗਿਆ ਅਨੁਸਾਰ ਸਿੰਘਾਂ ਨੂੰ ਬਖ਼ਸ਼ਦੇ ਹਨ। ਹੁਕਮਨਾਮਾ ਗਵਾਹ ਹੈ:–

(ਸਰਬਲੋਹ ਗਰੰਥ ਵਿਚੋਂ)

ਸਾਰ ਮੰਤ੍ਰ ਚਾਰੋਂ ਕਾ ਚਾਰ।  
ਵਾਹਿਗੁਰੂ ਮੰਤ੍ਰ ਨਿਰਾਧਾਰ।  
ਕਲਪ ਕਲਪੇ ਪ੍ਰਤੀ ਅਖਛਰ ਕਹੀ।  
ਸ੍ਰੀ ਗੁਰੂ ਨਾਨਕ ਜਾਪਯੋ ਸਹੀ।  
ਨਿਜ ਆਤਮ ਪ੍ਰਮਾਤਮ ਦਰਸਯੋਂ।  
ਚਾਰ ਕਲਪ ਮੇਂ ਮੰਤ੍ਰ ਸਰਸਯੋਂ।  
ਸਾ ਮੰਤ੍ਰ ਪ੍ਰਭ ਖਾਲਸਾ ਦੀਨਾ  
'ਵਾਹਿਗੁਰੂ' ਪਦ ਪਾਵਨ ਕੀਨਾ।

ਭਾਈ ਗੁਰਦਾਸ ਜੀ, ਸਰਬ ਸ੍ਰੇਸ਼ਟ ਗੁਰਮਤਿ ਲਿਖਾਰੀ ਜੀ ਨੇ ਵੀ ਵਾਹਿਗੁਰੂ ਮੰਤ੍ਰ ਜਪਨ ਲਈ ਗੁਰੂ-ਆਗਿਆ ਦੀ ਪੁਸ਼ਟੀ ਕੀਤੀ ਹੈ ਸੋ ਗੁਰਮਤਿ 'ਨਾਮ' ਗੁਰੂ ਸਾਹਿਬਾਨ ਦਾ ਬਖਸ਼ਿਆ ਹੋਇਆ ਉਹ ਮੰਤ੍ਰ

ਹੈ ਜਿਹੜਾ ਕਿ 'ੴ' ਦਾ ਬੋਧਕ ਹੈ ਤੇ ਜਿਹੜਾ ਜਪਨ ਕਰਕੇ ਗੁਰਸਿਖ ਆਪਣੀ ਮੰਜ਼ਲੇ-ਮਕਸੂਦ ਤੇ (ਨਿਜ-ਘਰ) ਪਹੁੰਚ ਸਕਦਾ ਹੈ।

ਜੇ ਅਸੀਂ 'ਨਾਮ' ਦੇ ਗੁਣ ਵਰਨਣ ਕਰਨ ਲਗੀਏ ਤਾਂ ਸਾਡੀ ਬੁਧੀ ਇਨ੍ਹਾਂ ਗੁਣਾਂ ਦਾ ਸਮੁੰਦਰ ਚੋਂ ਕਤਰਾ-ਮਾਤਰ ਵੀ ਨਹੀਂ ਵਰਨਣ ਕਰ ਸਕਦੀ। ਕਿਉਂ ਜੋ ਪੰਜ ਤਤਾਂ ਤੋਂ ਪੈਦਾ ਹੋਏ ਹੋਏ ਮਨੁਖ ਦੀ ਬੁਧੀ ਦਾ ਨਾਪ (**measure**) ਉਸ ਅਨੰਤ ਨੂੰ ਸਮਝ ਹੀ ਨਹੀਂ ਸਕੇਗਾ, ਨਾਪਨਾ ਤਾਂ ਇਕ ਪਾਸੇ ਰਿਹਾ। ਪਰ ਗੁਰ-ਗਮ ਗਿਆਨ ਦੁਆਰਾ ਕਿਸੇ ਹਦ ਤਕ ਕਿਨਕਾ ਮਾਤਰ ਕੁ ਸਮਝ ਸਕੀਦਾ ਹੈ ਜਿਹੜਾ ਕਿ ਕੇਵਲ ਸਾਡੇ ਦਿਮਾਗ ਤੇ **flash** ਕਰ ਜਾਂਦਾ ਹੈ ਤੇ ਇਤਨਾ ਵੀ ਉਸ ਦਾਤੇ ਦਾ ਸ਼ੁਕਰ ਹੈ।

ਸਿਆਣਿਆਂ ਨੇ ਨਾਮ ਦੀ ਪਰੀਭਾਸ਼ਾ ਅਪਨੀ ਬੁਧੀ ਤੇ ਅਨਭਵ ਦੇ ਆਧਾਰ ਤੇ ਕਈ ਪ੍ਰਕਾਰ ਕੀਤੀ ਹੈ ਯਥਾ :–'ਨਾਮ' ਉਹ ਨਾ ਨਾਸ਼ ਹੋਣ ਵਾਲਾ ਸੂਰਜ ਹੈ ਜਿਸਦੀ ਲਗਾਤਾਰ ਰੋਸ਼ਨੀ 'ਆਤਮਾ' ਕਹਿਲਾਉਂਦੀ ਹੈ ਜਿਸਦੇ ਮਿਟਨ ਕਰਕੇ ਅਗਿਆਨ ਦਾ ਅੰਧਕਾਰ



www.AKJ.Org

ਛਾ ਜਾਂਦਾ ਹੈ। 'ਨਾਮ' ਉਹ ਪੌੜੀ ਹੈ ਜਿਸ ਦੁਆਰਾ ਗੁਰਸਿਖ ਉਠਦਾ ਹੈ ਤੇ ਆਤਮ ਖੇਡ ਖੇਡਦਾ ਹੈ ਤੇ ਅਨਭਵ ਕਰਦਾ ਹੋਇਆ ਉਸ ਦਾਤੇ ਦੇ ਦਰ ਤੇ ਪਹੁੰਚਨ ਦੀ ਤਾਂਘ ਲਾਈ ਰਖਦਾ ਹੈ। 'ਨਾਮ' ਉਹ ਰਸਾਇਣ ਹੈ ਜੋ ਮਾਨਸਕ ਤੇ ਦੇਹਕ ਬੀਮਾਰੀਆਂ ਦਾ ਪੱਕਾ ਇਲਾਜ ਹੈ ਜਿਹੜੀਆਂ ਕਿ ਮਨੁਖ ਨੂੰ ਸਚੇ ਮਾਰਗ ਤੇ ਚਲਣ ਤੋਂ ਰੋਕਦੀਆਂ ਹਨ। ਗਵਾਹੀ ਵਜੋਂ ਫੁਰਮਾਨ ਹੈ :-

ਸਰਬ ਰੋਗ ਕਾ ਅਉਖਧ ਨਾਮ।
ਕਲਿਆਨ ਰੂਪ ਮੰਗਲ ਗੁਣ ਗਾਮ।

'ਨਾਮ' ਉਹ ਅਨੀਆਲੇ ਤੀਰਾਂ ਦਾ ਖ਼ਜ਼ਾਨਾ ਹੈ ਜਿਹੜੇ ਕਿ ਮਨੁਖ ਦੇ ਸਰੀਰ ਦੇ ਅੰਤ੍ਰੀਵੀ ਭਾਗ ਵਿਚ ਪਹੁੰਚ ਕੇ ਉਸ ਦੀ ਜੜ੍ਹ ਬਿਰਤੀ ਨੂੰ ਜਾਗ੍ਰਿਤ ਅਵਸਥਾ ਵਿਚ ਲਿਆ ਕੇ ਨਾਭੀ ਤੋਂ ਚਾਲੂ ਕਰ ਦੇਂਦਾ ਹੈ ਤੇ ਮੂੜ੍ਹ ਤੋਂ ਮਨੁਖ ਨੂੰ ਆਤਮਕ ਮਾਰਗ ਤੇ ਚਲਾ ਦੇਂਦਾ ਹੈ ਅਗੋਂ ਮਨੁਖ ਦੀ ਕਮਾਈ ਤੇ ਗਲ ਮੁਕਦੀ ਹੈ। ਸੰਖੇਪ ਵਿਚ 'ਨਾਮ' ਸਭ ਕੁਝ ਹੈ ਜੈਸਾ ਕਿ ਸੁਖਮਨੀ ਸਾਹਿਬ ਵਿਚ ਸ੍ਰੀ ਪੰਚਮ ਪਾਤਸ਼ਾਹ ਜੀ ਨੇ ਲਿਖਿਆ ਹੈ– ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।...... 'ਨਾਮ' ਸਾਰੇ ਸੰਸਾਰ ਦਾ ਕਰਤਾ ਹੈ ਤੇ ਸਰਬ ਵਿਆਪਕ ਹੈ। Time ਤੇ Space ਤੋਂ ਪਰੇ ਵੀ ਨਾਮ ਹੀ ਨਾਮ ਹੈ ਤੇ ਇਸ ਸੰਸਾਰ ਵਿਚ ਵੀ 'ਨਾਮ' ਹੀ ਹੈ।

ਤਾਂ ਤੇ ਇਹ ਗਲ ਸਿਧ ਹੋਈ ਕਿ ਐਸੀ ਅਮੋਲਕ ਵਸਤੂ ਜਿਹੜੀ ਗੁਰੂ ਤਰੁਠ ਕੇ ਦੇਂਦਾ ਹੈ ਸਾਡੇ ਲਈ ਛਡਨ ਵਾਲੀ ਚੀਜ਼ ਨਹੀਂ। 'ਬਚਨ ਗੁਰੂ ਜੋ ਪੂਰੇ ਕਹਿਓ ਮੈ ਛੀਕ ਗਾਠੜੀ ਬਾਧਾ' ਦੇ ਮੁਤਾਬਕ ਹਿਰਦੇ ਵਿਚ ਸੰਭਾਲ ਕੇ ਰਖਣ ਵਾਲੀ ਚੀਜ਼ ਹੈ।

ਸੋ ਇਸੇ 'ਨਾਮ' ਦੇ ਮਨ ਵਿਚ ਸੰਭਾਲ ਕੇ ਰਖਣ ਦਾ ਨਾਉਂ ਹੀ ਸਿਮਰਨ ਹੈ। ਜਦੋਂ ਸਾਨੂੰ ਕਿਸੇ ਮਨੁਖ ਦੀ ਲੋੜ ਹੁੰਦੀ ਹੈ ਅਸੀਂ ਉਸ ਨੂੰ ਯਾਦ ਕਰਦੇ ਹਾਂ (ਜ਼ਬਾਨੀ ਯਾ ਚਿੱਠੀ ਦਵਾਰਾ) ਤੇ ਉਹ ਸਾਨੂੰ ਕਿਸੇ ਸਾਧਨ ਨਾਲ ਮਿਲ ਪੈਂਦਾ ਹੈ। ਵਾਹਿਗੁਰੂ ਦੇ ਮਿਲਣ ਦਾ ਸਾਧਨ ਉਸ ਦਾ ਨਾਮ ਦਵਾਰਾ ਸਿਮਰਨ ਹੈ। ਸੋ ਸਿਮਰਨ ਇਕ ਐਸਾ ਅਮੋਲਕ ਜ਼ਰੀਆ ਹੈ ਜਿਸ ਨਾਲ ਮਨੁਖ ਅਪਣੀ ਜੀਵਨ-ਕਾਰ 'ਜਾ ਕੋ ਆਇ ਸੋਈ ਵਿਹਾਜੋ' ਵਲ ਚਲ ਸਕਦਾ ਹੈ। ਹੁਣ ਜ਼ਰਾ ਵਿਚਾਰੀਏ ਕਿ ਸਿਮਰਨ ਕੀ ਹੈ ਤੇ ਕੀ ਸ਼ਕਤੀ ਰਖਦਾ ਹੈ? 'ਸਿਮਰਨ' ਇਕ ਐਸੀ ਲਗਾਤਾਰ ਯਾਦ ਨੂੰ ਆਖਦੇ ਹਨ ਜਿਸ **Back ground** ਤੇ ਤਿੰਨ ਚੀਜ਼ਾਂ ਹੁੰਦੀਆਂ ਹਨ। ਪਿਆਰ ਫੁਰਨੇ ਰਹਿਤ ਭਾਵਨਾ ਤੇ ਖਿਚ। ਉਸ ਦਾਤੇ ਦੇ ਸਿਮਰਨ ਲਈ ਇਹ ਮੁਖ ਚੀਜ਼ਾਂ ਹਨ। ਗੁਰਸਿਖ ਵਿਚ ਪਿਆਰੇ ਹੋਵੇ ਤੇ ਸੁਧ ਭਾਵਨਾ ਨਾਲ ਜੁਟੇ ਤੇ ਦਿਲ ਵਿਚ ਖਿਚ ਰਖੇ ਤਾਂ ਉਹ ਹੀ ਆਤਮਕ ਮਾਰਗ ਤੇ ਠੀਕ ਚਲ ਸਕੇਗਾ। ਉਸਦੇ ਦਿਲ ਵਿਚ ਜਜ਼ਬਾ ਹੋਵੇ, ਜਜ਼ਬੇ ਵਿਚ ਪਿਆਰ ਹੋਵੇ, ਪਿਆਰ ਵਿਚ ਖਿਚ ਹੋਵੇ, ਖਿਚ ਵਿਚ ਤੜਪ ਹੋਵੇ, ਤੜਪ ਵਿਚ ਅਸਰ ਹੋਵੇ ਤਾਂ ਫਿਰ ਵੇਖੋ ਸਿਖ ਦੀ ਆਤਮਕ ਤਰੱਕੀ, ਗੁਰੂ ਦੀਆਂ ਮਿਹਰਾਂ ਹੀ ਮਿਹਰਾਂ!

## ਸਿਮਰਨ ਦੀ ਸ਼ਕਤੀ

ਸਿਮਰਨ ਇਕ ਸ਼ਕਤੀਸ਼ਾਲੀ ਚੀਜ਼ ਹੈ ਜੇ ਮਨੁਖ ਠੀਕ ਤ੍ਰੀਕੇ ਨਾਲ ਕਰੇ ਤਾਂ ਪਉਂ ਬਾਰਾਂ ਹੀ ਹਨ। ਇਕ ਨਿਕੀ ਜੇਹੀ ਦੁਨੀਆਵੀ ਮਿਸਾਲ ਹੈ। ਵੇਖੋ, ਘਰੀਨ (ਜੋ ਇਕ ਛੋਟਾ ਜੇਹਾ ਕੀੜਾ ਹੁੰਦਾ ਹੈ ਭੂੰ ਭੂੰ ਕਰਦਾ ਕਈ ਵਾਰ ਦਿਖਾਈ ਦੇਂਦਾ ਹੈ) ਕਿਸੇ ਇਕ ਮੋਏ ਹੋਇ ਕੀੜੇ ਦੇ ਸਰੀਰ ਨੂੰ ਲਿਆ ਕੇ ਆਪਣੀ ਮਿਟੀ ਦੇ ਕਚੇ ਘਰ ਵਿਚ ਰਖ ਕੇ ਉਸ ਤੇ ਲਗਾਤਾਰ ਭੂੰ ਭੂੰ ਦੀ ਧੁਨੀ ਲਗਾਉਂਦੀ ਹੈ। ਭੂੰ ਭੂੰ ਕਰਦੀ ਐਸੀ ਲਿਵਲੀਨ ਹੋ ਜਾਂਦੀ ਹੈ ਕਿ ਉਸੇ ਮੋਏ ਹੋਏ ਕੀੜੇ ਨੂੰ ਆਪਣੇ ਸ਼ਬਦ ਦਵਾਰਾ ਆਪਣਾ ਹੀ ਰੂਪ ਬਣਾ ਲੈਂਦੀ ਹੈ ਤੇ ਉਹ ਮੋਇਆ ਹੋਇਆ ਕੀੜਾ ਉਸ ਦੇ ਬਚੇ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸਦਾ ਭਾਵ ਇਹ ਹੈ ਕਿ ਸ਼ਬਦ ਦੀ ਧੁਨੀ ਦਾ ਇਹ ਅਸਰ ਹੁੰਦਾ ਹੈ। ਸੋ ਇਹ ਪਤਾ ਲਗਾ ਕਿ ਸ਼ਬਦ 'ਨਾਮ' ਇਕ ਐਸੀ ਅਮੁਲੀ ਚੀਜ਼ ਹੈ ਜਿਸਦੇ ਨਿਰੰਤਰ ਸਿਮਰਨ ਕਰ ਕੇ ਸ਼ਬਦ ਰੂਪ ਹੀ ਹੋ ਜਾਈਦਾ ਹੈ। ਸੋ 'ਨਾਮ' ਦਾ ਨਿਰੰਤਰ ਸਿਮਰਨ ਕਰਕੇ ਸ਼ਬਦ ਰੂਪ ਹੀ ਹੋ ਜਾਈਦਾ



www.AKJ.Org

ਹੈ। ਸੋ ਨਾਮ ਦਾ ਨਿਰੰਤਰ ਉਚਾਰਨ ਹੀ ਨਾਮੀ ਨਾਲ ਮਿਲਨ ਦਾ ਇਕ-ਮਾਤਰ ਸਾਧਨ ਹੈ।

ਦਰਅਸਲ ਲੇਖਨੀ ਪੂਰੀ ਤਰ੍ਹਾਂ ਨਹੀਂ ਦਸ ਸਕਦੀ ਕਿ ਨਾਮ ਸਿਮਰਨ ਕੀ ਵਸਤੂ ਹੈ ਕਿਉਂ ਜੋ ਨਾਮ ਸਿਮਰਨ ਦੀ ਇਕ ਸਟੇਜ ਐਸੀ ਆ ਜਾਂਦੀ ਹੈ ਜਿਸਦਾ ਵਰਨਣ ਦਿਮਾਗ ਤੋਂ ਨਿਕਲਕੇ ਜ਼ਬਾਨ ਯਾ ਲੇਖਨੀ ਵਿਚ ਨਹੀਂ ਆ ਸਕਦਾ, ਗੂੰਗੇ ਦੇ ਗੁੜ ਖਾਣ ਵਾਲਾ ਮੁਆਮਲਾ ਬਣ ਜਾਂਦਾ ਹੈ।

## ਸਿਮਰਨ ਕਿਸ ਪ੍ਰਕਾਰ ਹੁੰਦਾ ਹੈ

ਰਸਨਾਂ ਦ੍ਵਾਰਾ—ਰਸਨਾ ਨਾਲ ਉਚੀ ਉਚੀ ਯਾ ਹੌਲੀ ਹੌਲੀ ਨਾਮ ਸਿਮਰਨ ਕਰਨਾ ਵੀ ਇਕ ਐਸੀ ਕਿਰਿਆ ਹੈ ਜੋ ਦਾਤਾ ਸੁਣ ਲੈਂਦਾ ਹੈ।

ਕੇਸੋ ਕੇਸੋ ਕੂਕੀਏ ਨਾ ਸੋਈਏ ਆਸਾਰ। ਰਾਤ ਦਿਵਸ ਕੇ ਕੂਕਨ ਕਬਹੂੰ ਤਾ ਸੁਨੇ ਪੁਕਾਰ। ਇਹ ਸਰਲ ਤਰੀਕਾ ਹੈ ਪਰ ਉਸ ਹਦ ਤਕ ਜਦੋਂ ਤਕ ਕਿ ਮਨੁਖ ਦੀ ਜ਼ਬਾਨ ਨ ਥਕੇ। ਇਸਦਾ ਥਕਨਾ ਜ਼ਰੂਰੀ ਹੈ। ਇਸ ਗਲ ਦੀ ਪ੍ਰਵਾਹ ਵੀ ਨਹੀਂ ਕਰਨੀ ਚਾਹੀਦੀ। ਜ਼ਬਾਨ ਦਾ ਰਟਨ ਚਾਲੂ ਹੀ ਰਖਨਾ ਜ਼ਰੂਰੀ ਹੈ। ਇਹ ਪਹਿਲੀ ਪੌੜੀ ਹੈ ਜਿਸ ਤੋਂ ਅਸਾਂ ਅਗੇ ਵਧਨਾ ਹੈ। ਐਸਾ ਰਟਨ ਕਾਫੀ ਦੇਰ ਤਕ ਹੋਣਾ ਚਾਹੀਦਾ ਹੈ। ਜੀਭ ਦਾ ਸਾਧਾਰਨ ਗੁਣ ਇਹ ਹੈ ਕਿ ਜੇਹੜੀ ਚੀਜ਼ ਇਸ ਤੇ ਰਖੀਏ ਇਹ ਅੰਦਰ ਨੂੰ ਹੀ ਸੁਟ ਦੇਵੇਗੀ। ਇਸਦੇ ਇਸ ਗੁਣ ਤੋਂ ਫਾਇਦਾ ਉਠਾਣ ਲਈ ਸਾਨੂੰ ਜ਼ਬਾਨ ਦ੍ਵਾਰਾ ਸਿਮਰਨ (ਖੰਡਾ ਖੜਕਾਉਣਾ) ਕਾਫੀ ਦੇਰ ਤਕ ਕਰਦੇ ਰਹਿਣਾ ਚਾਹੀਦਾ ਹੈ। ਜੇ ਉਚੀ ਉਚੀ ਇਕਾਂਤ ਵਿਚ ਜਾਕੇ ਕੀਤਾ ਜਾਵੇ ਤਾਂ ਇਹ ਜ਼ਿਆਦਾ ਲਾਭਦਾਇਕ ਹੁੰਦਾ ਹੈ (ਖਾਸ ਤੌਰ ਤੇ ਪਾਣੀ ਦੇ ਕੰਢੇ ਤੇ) ਕੁਝ ਚਿਰ ਮਗਰੋਂ ਨਾਮ ਸਿਮਰਨ ਦੀ ਕਮਾਈ ਨਾਲ ਨਾਮ ਦਾ ਵਾਸਾ ਹਿਰਦੇ ਅੰਦਰ ਹੋ ਜਾਵੇਗਾ।

ਇਥੇ ਸਵਾਲ ਪੈਦਾ ਹੁੰਦਾ ਹੈ ਕਿ ਉਚੀ ਉਚੀ ਨਾਮ ਕਿਉਂ ਜਪਿਆ ਜਾਇ, ਕਿਉਂ ਨਾ ਹੌਲੀ ਹੌਲੀ ਹੌਲੀ ਕਿਹਾ ਜਾਇ, ਨਾ ਆਪ ਥਕੀਏ, ਨਾ ਹੀ ਦੂਜਿਆਂ ਨੂੰ ਬੁਰਾ ਲਗੇ। ਇਸਦਾ ਇਹ ਉਤਰ ਹੈ ਕਿ ਪਹਿਲੋਂ ਪਹਿਲੋਂ ਤਾਂ ਜ਼ਰੂਰੀ ਹੈ ਵਾਹਿਗੁਰੂ ਮੰਤ੍ਰ ਦਾ ਜਾਪ ਉਚੀ ਉਚੀ ਕਰਨਾ ਪਵੇਗਾ ਤੇ ਕਰਨਾ ਵੀ ਚਾਹੀਦਾ ਹੈ ਤੇ ਇਸ ਬਗ਼ੈਰ ਕੋਈ ਹੋਰ ਚਾਰਾ ਨਹੀਂ ਕਿਉਂ ਜੋ ਸਾਡੀ ਜੜ੍ਹ-ਬਿਰਤੀ ਇਸ ਉਚੇ ਬੋਲਨ ਨਾਲ ਹੀ ਜਾਗਰਿਤ ਅਵਸਥਾ ਵਿਚ ਆਵੇਗੀ। ਉਚਾਰਨ ਵੇਲੇ ਮਨ ਦੀ ਇਕਾਗਰਤਾ ਜ਼ਰੂਰੀ ਹੈ ਤੇ ਨਾਲ ਹੀ ਸ਼ਬਦ ਨਾਭੀ ਤੋਂ ਚਾਲੂ ਜ਼ਰੂਰ ਹੋਵੇ ਨਹੀਂ ਤਾਂ ਕੰਠ ਤੋਂ ਉਤੇ ਉਤੇ ਹੀ ਉਚਾਰਿਆ ਹੋਇਆ ਨਾਮ ਜਲਦੀ ਅਸਰ ਵਾਲਾ ਨਹੀਂ ਹੋਵੇਗਾ। ਨਾਭੀ ਤੋਂ ਉਠੀ ਹੋਈ ਸ਼ਬਦ ਧੁਨੀ ਦੀ ਇਕ ਮਹੀਨਾ ਕਾਰ, ਕੇਵਲ ਰਸਨਾ ਨਾਲ ਉਚਾਰਨ ਕੀਤੀ ਹੋਈ ਸ਼ਬਦ ਧੁਨੀ ਦੀ ਇਕ ਵਰ੍ਹੇ ਦੀ ਕਾਰ ਦੇ ਬਰਾਬਰ ਹੈ ਕਰੀਬ ਕਰੀਬ ਐਸਾ ਅੰਦਾਜ਼ਾ ਹੈ।

ਨਾਮ ਬੀਜ ਹੈ ਸਰੀਰ ਰੂਪੀ ਖੇਤੀ ਵਿਚ ਉਗੇਗਾ ਜ਼ਰੂਰ, ਪਰ ਤਰੀਕੇ ਨਾਲ ਬੀਜਿਆ ਹੋਇਆ ਨਾਮ ਠੀਕ ਉਗਦਾ ਹੈ ਨਾਮ ਸਿਮਰਨ ਵੇਲੇ ਇਹ ਮਨ 'ਈਟੀ ਹਾਥ ਕਰਹੁ ਫੁਨ ਨੇਤ੍ਰੋਂ ਨੀਂਦ ਨਾ ਆਵੈ' ਨੂੰ ਮੁਖ ਰਖਕੇ ਜਪਨਾ ਚਾਹੀਦਾ ਹੇ ਬਾਕੀ ਰਿਹਾ ਉਚਾ ਬੋਲਨਾ ਦੂਜਿਆਂ ਨੂੰ ਬੁਰਾ ਨਾ ਲਗੇ। ਦੂਜਿਆਂ ਨੂੰ ਬੁਰਾ ਉਦੋਂ ਤਕ ਹੀ ਲਗੇਗਾ ਜਦੋਂ ਤਕ ਕਿ ਮਨੁਖ ਦੇ ਅਪਣੇ ਮਨ ਵਿਚ ਵਿਚਾਰ ਰਵੇ ਕਿ ਦੂਜਿਆਂ ਨੂੰ ਬੁਰਾ ਲਗ ਰਿਹਾ ਹੈ। ਜਦੋਂ ਨਾਮ ਜਪਨ ਵਾਲੇ ਦੇ ਅਪਨੇ ਮਨ ਵਿਚੋਂ ਇਹ ਖਿਆਲ ਨਿਕਲ ਜਾਵੇਗਾ ਕਿ ਦੂਜਿਆਂ ਨੂੰ ਬੁਰਾ ਲਗ ਰਿਹਾ ਹੈ ਉਦੋਂ ਫਿਰ ਕਿਸੇ ਨੂੰ ਵੀ ਬੁਰਾ ਨਹੀਂ ਲਗੇਗਾ। ਦੂਜਿਆਂ ਨੂੰ ਨਾਮ ਉਚਾਰਨ ਜੇ ਬੁਰਾ ਲਗਦਾ ਹੈ ਤਾਂ ਚੰਗੀ ਕੇਹੜੀ ਚੀਜ਼ ਲਗੇਗੀ। ਸੋ ਇਹ ਅਪਨਾ ਮਨ ਹੀ ਹੈ ਜੋ ਐਸਾ ਮਹਿਸੂਸ ਕਰਦਾ ਹੈ। ਨਾਮ ਦਾ ਉਚੀ ਉਚੀ ਜਪਨਾ ਗੁਰੂ ਸਾਹਿਬਾਨ ਨੇ ਵੀ ਫੁਰਮਾਇਆ ਹੈ—

ਤੀਖਨ ਬਾਨ ਚਲਾਏ, ਹਰਿ ਹਰਿ ਗਾਈਏ।

ਇਸ ਪ੍ਰਕਾਰ ਨਾਮ ਜਪਨਾ ਅੰਮ੍ਰਿਤ ਬੂੰਦਾਂ ਦਾ ਬਿਲੋਵਨਾ ਹੈ ਜਿਸ ਨਾਲ ਸ੍ਰੀਰਕ ਰੂਪ ਤੇ ਇਹ ਲਾਭ ਹੁੰਦਾ ਹੈ ਕਿ ਇਸ ਨਾਲ ਨਾੜ-ਨਾੜ ਵਿਚ



www.AKJ.Org

ਮਿਕਨਾਤੀਸੀ ਸ਼ਕਤੀ ਪੈਦਾ ਹੁੰਦੀ ਹੈ ਜਿਸ ਕਰਕੇ ਸਰੀਰ ਦੇ ਅੰਗ ਅੰਗ ਵਿਚ ਉਹ ਅਗੰਮੀ ਰਸ ਚਲਣ ਲਗ ਪੈਂਦਾ ਹੈ ਜਿਹੜਾ ਕਿ ਕੁਝ ਚਿਰ ਮਗਰੋਂ ਆਤਮਕ ਸ਼ਕਤੀ ਵਿਚ ਬਦਲ ਜਾਂਦਾ ਹੈ ਫਿਰ ਉਹ ਖੇੜੇ ਵਿਚ ਬਦਲ ਕੇ ਗੁਰਸਿਖ ਨੂੰ ਚੜ੍ਹਦੀ-ਕਲਾ ਬਖਸ਼ਦਾ ਹੈ ਜ਼ਾਹਿਰੀ ਤੌਰ ਤੇ ਇਸ ਪ੍ਰਕਾਰ ਦਾ ਜਾਪ ਕੁਝ ਅਸਰ ਦੇਂਦਾ ਮਾਲੂਮ ਨਹੀਂ ਹੁੰਦਾ ਤੇ ਮਨੁਖ ਘਬਰਾ ਜਾਂਦਾ ਹੈ ਪਰ—

ਜਿਨ ਇਹ ਚਾਖੀ ਸੋਈ ਜਾਨੈ ਗੂੰਗੇ ਕੀ ਮਿਠਿਆਈ।

ਇਹ ਤਾਂ ਅਲੂਨੀ ਸਿਲ ਚਟਨਾ ਹੈ। ਗੁਰ ਸਿਖ ਲਈ ਹੌਸਲਾ ਤੇ ਗੁਰੂ ਤੇ ਸ਼ਰਧਾ ਰਖਨਾ ਜ਼ਰੂਰੀ ਹੈ। ਰਸਨਾ ਦੁਆਰਾ ਨਾਮ ਉਚਾਰਨ ਤੇ ਨਾਲ ਹੀ ਨਾਲ ਮਨ ਦੇ ਬੁਰੇ ਵਿਚਾਰ ਸਭੇ ਹੀ ਨਸ਼ਟ ਹੋ ਜਾਂਦੇ ਹਨ ਤੇ ਮਨ ਭਟਕਨ (ਧਾਵਨ) ਤੋਂ ਰੁਕ ਜਾਂਦਾ ਹੈ। ਤਜਰਬਾ ਨਿਹਾਇਤ ਜ਼ਰੂਰੀ ਹੈ ; ਠੀਕ ਹੈ—

ਆਖਣ ਔਖਾ ਸਾਚਾ ਨਾਉ।

ਮਹਾਂਵਾਕਾਨੁਸਾਰ ਇਹ ਗਲ ਔਖੀ ਲਗਦੀ ਹੈ। ਪਰ ਉਹ ਦਾਤਾ ਆਪ ਹੀ ਮੁਸ਼ਕਲ-ਕੁਸ਼ਾ ਹੈ। ਗੁਰ ਸਿਖ ਅਗੇ ਵਧੇ, ਉਹ ਦਾਤਾ ਆਪ ਹੀ ਉਸ ਦੀ ਮੁਸ਼ਕਲ ਹਲ ਕਰਦਾ ਜਾਵੇਗਾ, ਸਿਖ ਆਸ਼ਾਵਾਦੀ ਰਵੇ।

ਚੰਗਾ ਤਾਂ ਇਹ ਹੀ ਹੈ ਕਿ ਪੰਜਾਂ ਪਿਆਰਿਆਂ ਦੇ ਨਾਮ ਦ੍ਰਿੜਾਉਣ ਦੀ ਰੀਤੀ ਨੂੰ ਸਮਝਿਆ ਜਾਏ ਕਿ ਨਾਮ ਰਸਨਾ ਤੇ ਸੁਆਸਾਂ ਨੂੰ ਮਿਲਾ ਕੇ ਜਪਨਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਸਵਾਸ ਉਤੇ ਲੈ ਜਾਣ ਪਰ 'ਵਾਹਿ' ਤੇ ਹੇਠਾਂ ਨਾਲ 'ਗੁਰੂ' ਬੋਲਣ ਕਰਕੇ ਇਕ ਚਕਰ ਜੇਹਾ ਬਣ ਜਾਂਦਾ ਹੈ ਫਿਰ ਇਸ ਨੂੰ ਦੋਹਰਾਉਣ ਤੇ ਸਵਾਸਾਂ ਦੀ ਅਰਧਾ-ਉਰਧੀ ਨਾਲ ਪੂਰਾ ਵਾਹਿਗੁਰੂ ਸ਼ਬਦ ਉਚਾਰਨ ਹੁੰਦਾ ਹੈ ਤੇ ਉਚਾਰਨ ਤਾਂਤਾਂ ਬੰਨ੍ਹ ਕੇ ਗੁਰ ਸਿਖ ਅਨੰਦ ਲੈ ਸਕਦਾ ਹੈ ਫੇਰ ਸਜਨੋਂ, ਗੁਰਮੀਤ ਪਿਆਰਿਓ ਵੇਖੋ, ਗੁਰੂ ਦੀਆਂ ਖੁਸ਼ੀਆਂ ਤੇ ਬਖਸ਼ਿਸ਼ਾਂ ਪਰ ਜਰ ਕੇ ਰਹਿਨਾ, ਵਸਤੂ ਸੰਭਾਲ ਕੇ ਰਖਨਾ ਹਉਮੈਂ ਤੋਂ ਬਚਨਾਂ।

ਸੋ ਜਦੋਂ ਵੀ ਗੁਰਸਿਖ ਮੰਤਰ ਦਾ ਜਾਪ ਕਰੇ, ਨਾਭੀ ਚਕਰ ਤੋਂ ਸ਼ਬਦ ਨੂੰ ਉਠਾ ਕੇ ਪਹਿਲੋਂ ਦੋ ਯਾ ਤਿੰਨ ਮਿੰਟ ਖੰਡਾ ਉਚੀ ਆਵਾਜ਼ ਨਾਲ ਖੜਕਾ ਲਵੇ ਤੇ ਇੰਜਨ ਦੇ ਚਾਲੂ ਕਰਨ ਵਾਙੂ ਆਪਨੀ ਸਚੀ ਕਾਰ ਚਾਲੂ ਕਰੇ ਤਾਂ ਫਿਰ ਜਦੋਂ ਸਰਕਟ ਬਝ ਜਾਵੇ। ਫਿਰ ਆਨੰਦ ਹੀ ਅਨੰਦ ਹੈ ਤਾਂ ਫਿਰ ਚਲ ਸੋ ਚਲ... ... ... । ਕੁਝ ਚਿਰ ਸਵਾਸਾਂ ਨਾਲ ਹੀ ਚਲਦਾ ਚਲੇ ਤੇ ਸਿਮਰਨ ਵਿਚ ਧਿਆਨ ਰਖੇ।

## ਸਵਾਸਾਂ ਨਾਲ ਸਿਮਰਨ

ਇਸ ਦਸ਼ਾ ਵਿਚ ਗੁਰਸਿਖ ਨੂੰ ਹੌਲੀ ਹੌਲੀ ਧੁਨੀ ਨਾਲ ਉਚਾਰਨ ਕਰਨ ਵਾਲੇ ਕਈ ਜੀਵ ਜੰਤ ਮਿਲਣਗੇ। ਗੁਰਵਾਕ ਅਨੁਸਾਰ—

'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ।
ਸੋ ਬਿਨ ਹਰਿ ਜਾਪਤ ਹੈ ਨਹੀ ਹੋਰ।'

ਜੇਹੜੇ ਕਿ ਰਾਤ ਦੇ ਦੋ ਵਜੇ ਤੋਂ ਪੰਜ ਵਜੇ ਤਕ ਸਾਥ ਦੇਣਗੇ। ਕਿਸੇ ਇਕ ਨਾਲ ਇਕ ਸੁਰ ਹੋ ਜਾਵੇ ਤਾਂ ਚਲੀ ਚਲੋ। ਇਹ ਯਾਦ ਰਹੇ ਕਿ ਕੁਦਰਤ ਦੀਆਂ ਸਭ ਚੀਜ਼ਾਂ ਵਾਤਾਵਰਨ ਵਿਚ ਅੰਮ੍ਰਿਤ ਵੇਲੇ ਨਾਲ ਨਾਮ ਉਚਾਰਨ ਵਿਚ ਜੁਟੀਆਂ ਹੋਈਆਂ ਹੁੰਦੀਆਂ ਹਨ। ਇਸ ਦੀ ਪਹਿਚਾਨ ਆਪਣੇ ਆਪ ਹੀ ਹੋ ਜਾਂਦੀ ਹੈ ਤੇ ਕੁਝ ਚਿਰ ਗੁਰਸਿਖੀ ਦੀ ਐਸੀ ਹਾਲਤ ਰਵੇਗੀ, ਪਰ ਦੇਖੋ, ਜੋ ਗੁਰਸਿਖ ਕਿਸੇ ਗ਼ਲਤੀ ਕਾਰਨ ਉਖੜ ਜਾਵੇ ਉਸਦੀ ਰਹਿਤ ਵਿਚ ਕਮਜ਼ੋਰੀ ਆ ਜਾਵੇ ਜਾਂ ਮਨ ਦੀ ਕਿਸੇ ਹੋਰ ਅਸ਼ੁਧੀ ਕਾਰਨ ਉਹ ਡਿਗ ਪਵੇ ਤੇ ਸਿਮਰਨ ਵਿਚ ਬੇਰਸੀ, ਉਖੜਾਉ ਤੇ ਤੋਟਾ ਮਹਿਸੂਸ ਕਰੇ। ਉਦੋਂ ਉਹ ਪਸ਼ਚਾਤਾਪ ਕਰੇ। ਗੁਰੂ ਸਾਹਿਬਾਨ ਕੋਲੋਂ ਅਰਦਾਸੇ ਨਾਲ ਭੁਲ ਬਖ਼ਸ਼ਵਾ ਕੇ ਫੇਰ ਕੁਝ ਚਿਰ ਉਚੀ ਉਚੀ ਰਸਨਾ ਨਾਲ ਜਾਪ ਕਰੇ ਤਾਂ ਫੇਰ ਉਥੇ ਹੀ ਪਹੁੰਚ ਜਾਵੇਗਾ। ਇਹ ਮਨ ਨਾਲ ਜੂਝਣਾ ਹੈ, ਲੜਾਈ ਕਰਨਾ ਹੈ। ਹੌਸਲਾ ਤੇ ਟੇਕ ਜ਼ਰੂਰੀ ਘਬਰਾਉਣ ਦੀ ਜ਼ਰੂਰਤ ਨਹੀਂ। ਗੁਰਸਿਖ ਨਾਮ ਅਭਿਆਸ ਨ ਛਡੇ, ਦਾਤੇ ਦਾ ਲੜ ਫੜੀ ਰਖੇ—ਐਸੀ ਹਾਲਤ ਵਿਚ ਆਤਮਕ ਦ੍ਰਿਸ਼ ਨਜ਼ਰ ਆਉਣਗੇ ਜੋ ਕਿ ਇਕ ਝੋਲਾ ਹੋਣਗੇ—ਮਨੁਖ



www.AKJ.Org

ਨੂੰ ਖੁਸ਼ ਵੀ ਕਰਨਗੇ। ਗੁਰਸਿਖ ਉਹਨਾਂ ਵਿਚ ਖਚਿਤ ਨ ਹੋ ਜਾਵੇ। ਹੋਰ ਵੀ ਬਹੁਤ ਹੀ ਚੰਗੇ ਆਤਮਕ ਦ੍ਰਿਸ਼ ਮਨੁਖ ਨੂੰ ਆਪਣੇ ਪਾਸੇ ਖਿਚਣਗੇ। ਜ਼ਬਾਨ ਵਿਚ ਸ਼ਕਤੀ ਵੀ ਆ ਜਾਵੇਗੀ। ਮੂੰਹੋਂ ਬੋਲਿਆ ਸਚ ਵੀ ਹੋ ਜਾਇਆ ਕਰੇਗਾ, ਪਰ ਇਹ ਅਹੰਕਾਰ ਪੈਦਾ ਕਰਨ ਦੇ ਮਸਾਲੇ ਹਨ। ਜੇ ਸਿਖ ਅਹੰਕਾਰ ਵਿਚ ਆ ਗਿਆ ਤਾਂ ਫਿਰ ਇਥੇ ਹੀ ਫਸਿਆ ਰਹਿ ਜਾਵੇਗਾ ਤੇ ਆਪਣੇ ਆਪ ਨੂੰ ਭਗਤ ਸਮਝ ਕੇ ਕੁਝ ਸਮੇਂ ਮਗਰੋਂ ਆਪਣੀ ਸਾਰੀ ਕਮਾਈ ਲੁਟਾ ਬੈਠੇਗਾ। ਇਹ ਤਿਲਕਨ ਵਾਲੀ ਥਾਂ ਹੈ। ਇਸ ਤੋਂ ਗੁਰਸਿਖ ਬਚ ਕੇ ਰਵੇ ਸਮਝੇ ਕਿ ਇਹ 'ਮਾਇਆ' ਹੈ ਜੋ ਉਸਨੂੰ ਆਪਣੇ ਫੰਦੇ ਵਿਚ ਲਿਆਕੇ ਗਿਰਾਏਗੀ। ਸੋ ਸਿਖ ਬਾਹਰ ਮੁਖੀ ਨਾ ਹੋਵੇ ਅੰਤਰਮੁਖ ਹੋਵੇ।

ਖ਼ੈਰ, ਇਹਨਾਂ ਗੱਲਾਂ ਦਾ ਧਿਆਨ ਦੇ ਕੇ ਮਨੁਖ ਆਪਣੇ ਸਿਮਰਨ ਵਿਚ ਜੁਟਿਆ ਰਹੇ ਤਾਂ ਫਿਰ ਅਗੇ ਚਲਕੇ ਉਸ ਨੂੰ ਕੁਝ ਸਮੇਂ ਲਈ ਸਵਾਸਾਂ ਨਾਲ ਨਾਮ ਜਪਣਾ ਬੰਦ ਹੋਇਆ ਹੋਇਆ ਭਾਸੇਗਾ ਤੇ ਸਿਖ ਨੂੰ ਬੇਰਸੀ ਜੇਹੀ ਆਵੇਗੀ। ਗੁਰ ਸਿਖ ਘਬਰਾਏ ਨਹੀਂ ਜਿਥੇ ਜਿਥੇ ਐਸੀ ਔਕੜ ਵਾਲੀ ਹਾਲਤ ਦੇਖੇ ਯਾ ਮਹਿਸੂਸ ਕਰੇ ਕਿ ਉਸ ਨੂੰ ਕੁਝ ਸਮਝ ਨਹੀਂ ਲਗ ਰਹੀ, ਅਰਦਾਸਾ ਕਰੇ, ਫੇਰ ਅਰਦਾਸਾ ਕਰੇ। ਅਸਲ ਵਿਚ ਇਹ ਬੇਰਸੀ ਦੀ ਹਾਲਤ ਇਕ ਸਟੇਜ ਤੋਂ ਦੂਜੀ ਵਿਚ ਜਾਨ ਵੇਲੇ ਆਉਂਦਾ ਹੈ ਸਿਖ ਘਬਰਾਏ ਨਹੀਂ ਕਿ ਨਾ ਇਹ ਹੀ ਸਮਝੇ ਕਿ ਮੇਰਾ ਸਿਮਰਨ ਟੁਟ ਗਿਆ ਹੈ ਪਰ ਇਹ ਯਾਦ ਰਹੇ ਕਿ ਇਥੇ Other things remaining the same ਵਾਲੀ ਸ਼ਰਤ ਵੀ ਹੈ ਅਰਥਾਤ ਉਹ ਮਨ ਤੇ ਸਰੀਰ ਕਰ ਕੇ ਸ਼ੁਧ ਜ਼ਰੂਰ ਰਵੇ ਤਾਂ ਫਿਰ ਗੁਰੂ ਸਾਹਿਬਾਨ ਆਪ ਹੀ ਸਿਖ ਦੀ ਪ੍ਰੀਖਿਆ ਤੋਂ ਮਗਰੋਂ ਨਾਲੋ ਨਾਲ ਹੀ ਅਗਵਾਈ ਕਰਦੇ ਜਾਣਗੇ। ਗੁਰੂ ਦਿਆਲ ਹੈ ਆਪਣੇ ਸਿਖ ਨੂੰ ਦੁਖੀ ਨਹੀਂ ਹੋਣ ਦੇਂਦਾ।

ਵਸ ਆਇਆ ਪਿਰ ਛੋੜ ਨਾ ਜਾਈ,
ਇਹ ਰੀਤ ਭਲੀ ਭਗਵੰਤੇ।

ਦੇ ਮੁਤਾਬਿਕ ਸਿਖ ਨੂੰ ਗੁਰੂ ਹਥ ਦੇ ਕੇ ਬਚਾਉਂਦਾ ਹੈ। ਗੁਰੂ ਨੂੰ ਗੁਰਸਿਖ ਤੋਂ ਪਿਆਰੀ ਹੋਰ ਕੋਈ ਚੀਜ਼ ਨਹੀਂ ਗੁਰਵਾਕਾਨੁਸਾਰ :—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੌ ਕਰੌ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹੌਂ ਸਦ ਸਦ ਸੰਗਾ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ।
ਖਾਲਸਾ ਮੇਰੋ ਮਿੱਤਰ ਸਖਾਈ।
ਖਾਲਸਾ ਮਾਤ ਪਿਤਾ ਸੁਖਦਾਈ।
ਖਾਲਸਾ ਮੇਰੀ ਜਾਤ ਅਰ ਪਤ।
ਖਾਲਸਾ ਸੋ ਮਾ ਕੋ ਉਤਪਤ।
ਖਾਲਸਾ ਮੇਰੋ ਭਵਨ ਭੰਡਾਰਾ।
ਖਾਲਸੇ ਕਰ ਮੇਰੋ ਸਤਿਕਾਰਾ।
ਖਾਲਸਾ ਮੇਰੋ ਪਿੰਡ ਪਰਾਨ।
ਖਾਲਸਾ ਮੇਰੀ ਜਾਨ ਕੀ ਜਾਨ।

... ... ...

ਖਾਲਸਾ ਮੇਰੋ ਧਰਮ ਅਰ ਕਰਮ।
ਖਾਲਸਾ ਮੇਰੋ ਭੇਦ ਨਿਜ ਮਰਮ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਨ ਸੂਰਾ।
ਯਾ ਮੈ ਰੰਚ ਨ ਮਿਥਿਆ ਭਾਖੀ।
ਪਾਰਬ੍ਰਹਮ, ਗੁਰ ਨਾਨਕ ਸਾਖੀ।

... ... ...

ਰੋਮ ਰੋਮ ਜੇ ਰਸਨਾ ਪਾਊਂ।
ਤਦਪ ਖਾਲਸਾ ਜਸ ਤਹਿ ਗਾਊਂ।
ਹੌ ਖਾਲਸੇ ਕੋ, ਖਾਲਸਾ ਮੇਰੋ।
ਓਤ ਪੋਤਿ ਸਾਗਰ ਬੂੰਦੇਰੋ।

ਦੇਖੋ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨਾਲ ਕਿਤਨਾ ਪਿਆਰ ਕੀਤਾ ਹੈ **"He creatid Khalsa and them loved him"** ਤੇ ਕੀ ਅਸ਼ੀਂ ਇਹ ਸੋਚ ਸਕਦੇ ਹਾਂ ਕਿ

(ਬਾਕੀ ਦੇਖੋ ਸਫ਼ਾ ੫, ੬)



www.AKJ.Org